ਕੈਨੇਡਾ ਦਰਪਣ

ਅਕਤੂਬਰ 1-15, 1984

October 1-15, 1984

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Oct. 1-15, 1984

Second Class Mail - Reg. No. 5991 ਕੀਮਤ 30¢

Out of Greater Vancouver Price 40¢

ਕੈਨੇਡਾ ਦਰਪਣ

P.O. BOX 67344 STN. 'O'
VANCOUVER, B.C. V5W 3T1

Vol. 3 No. 33 Oct. 1-15, 1984
Editor's Res. PHONE. (604)321-6360

THE CANADA DARPAN
Punjabi Fortnightly Newspaper

ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ ਮੁਕੰਮਲ

ਦਰਬਾਰ ਸਾਹਿਬ ਵਿਚੋਂ ਫੌਜ ਹਟਾਉਣ ਦੇ ਐਲਾਨ ਦਾ ਸੁਆਗਤ

ਅੰਮ੍ਰਿਤਸਰ — (ਵਿਸ਼ੇਸ਼ ਪ੍ਰਤੀਨਿਧ ਰਾਹੀਂ) 25 ਸਤੰਬਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਬਿਲਡਿੰਗ ਦੀ ਕਾਰ ਸੇਵਾ ਮੁਕੰਮਲ ਹੋਣ ਉਤੇ ਭਾਰਤ ਸਰਕਾਰ ਨੇ ਫੌਜਾਂ ਦਰਬਾਰ ਸਾਹਿਬ ਕੰਪਲੈਕਸ ਤੋਂ ਹਟਾ ਲਈਆਂ ਹਨ। ਫੌਜ ਦੀਆਂ ਜੋ ਟੁਕੜੀਆਂ ਕੰਪਲੈਕਸ ਵਿਚ ਤਾਈਨਾਤ ਸਨ, ਉਹ ਦਰਬਾਰ ਸਾਹਿਬ ਤੋਂ ਬਾਹਰ ਕੱਢ ਦਿਤੀਆਂ ਗਈਆਂ ਹਨ।

ਯਾਦ ਰਹੇ ਕਿ ਸਿੰਘ ਸਾਹਿਬਾਨ ਨੇ 1 ਅਕਤੂਬਰ ਤੋਂ ਫੌਜਾਂ ਹਟਾਉਣ ਵਿਰੁਧ ਅੰਮ੍ਰਿਤਸਰ ਵਿਚ ਮੋਰਚਾ ਸ਼ੁਰੂ ਕਰਨ ਦਾ ਐਲਾਨ ਕਰ ਰੱਖਿਆ ਸੀ। ਸ਼੍ਰੋਮਣੀ ਅਕਾਲੀ ਦਲ ਦੀ ਐਡਹਾਕ ਕਮੇਟੀ, ਵਿਧਾਇਕਾਂ, ਜ਼ਿਲਾ ਜਥੇਦਾਰਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੱਖ ਵੱਖ ਮੀਟਿੰਗਾਂ ਚੰਡੀਗੜ੍ਹ ਅਤੇ ਅੰਮ੍ਰਿਤਸਰ ਵਿਚ ਪਿਛਲੇ ਦਿਨੀਂ ਹੋਈਆਂ ਅਤੇ ਗੁਰਦੁਆਰਿਆਂ ਨੂੰ ਫੌਜਾਂ ਤੋਂ ਮੁਕਤ ਕਰਾਉਣ ਦਾ ਪ੍ਰੋਗਰਾਮ ਉਲੀਕਿਆ ਸੀ।


ਪਹਿਲਾਂ ਦੀਆਂ ਖਬਰਾਂ ਅਨੁਸਾਰ ਬਾਬਾ ਸੰਤਾ ਸਿੰਘ ਵਲੋਂ 25 ਸਤੰਬਰ ਤੱਕ ਸ੍ਰੀ ਅਕਾਲ ਤਖਤ ਸਾਹਿਬ ਦੀ ਕਾਰ ਸੇਵਾ ਮੁਕੰਮਲ ਕਰਨ ਦਾ ਐਲਾਨ ਹੋ ਚੁਕਿਆ ਸੀ। ਸਰਕਾਰ ਨੇ ਕੁਝ ਸ਼ਰਤਾਂ ਲਾਈਆਂ ਸਨ ਕਿ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਹਥਿਆਰ ਲਿਜਾਣ ਦੀ ਮਨਾਹੀ ਸ਼੍ਰੋਮਣੀ ਕਮੇਟੀ ਕਰੇ ਅਤੇ ਗੁਰਦੁਆਰਿਆਂ ਦੀ ਕੁਝ ਲੋਕਾਂ ਵਲੋਂ ਗਲਤ ਵਰਤੋਂ ਰੋਕੀ ਜਾਵੇ। ਇਨ੍ਹਾਂ ਸ਼ਰਤਾਂ ਨੂੰ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੰਨਣ ਤੋਂ ਇਨਕਾਰ ਕਰਦਿਆਂ ਕਿਹਾ ਸੀ ਕਿ ਅਜਿਹੀ ਪਾਬੰਦੀ ਸਿੱਖ ਸਿਧਾਂਤ ਦੇ ਉਲਟ ਹੈ। ਪਰ ਨਾਲ ਹੀ ਐਡਹਾਕ ਕਮੇਟੀ ਦੇ ਕਨਵੀਨਰ ਪ੍ਰਕਾਸ਼ ਸਿੰਘ ਮਜੀਠਾ ਨੇ ਬਿਆਨ ਵਿਚ ਕਿਹਾ ਕਿ ਸਿੱਖ 'ਅਤਿਵਾਦ' ਜਾਂ 'ਵੱਖਵਾਦ' ਵਿਚ ਵਿਸ਼ਵਾਸ਼ ਨਹੀਂ ਕਰਦੇ।

ਜਥੇਦਾਰ ਮਹਾਲੋਂ ਵਲੋਂ 'ਖਾਲਿਸਤਾਨ' ਦਾ ਵਿਰੋਧ

ਸ੍ਰੀ ਕੇਸਗੜ੍ਹ ਦੇ ਜਥੇਦਾਰ ਮਹਾਲੋਂ ਨੇ ਅੰਮ੍ਰਿਤਸਰ ਵਿਚ ਸਿੰਘ ਸਾਹਿਬਾਨ ਵਲੋਂ ਸਪੱਸ਼ਟ ਐਲਾਨ ਕਰ ਦਿਤਾ ਹੈ ਕਿ ਸਿੱਖਾਂ ਦਾ 'ਖਾਲਿਸਤਾਨ' ਨਾਲ ਕੋਈ ਸਬੰਧ ਨਹੀਂ। ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਜਿਹੀ ਕਿਸੇ ਮੰਗ ਦਾ ਸਮਰਥਨ ਨਹੀਂ ਕੀਤਾ ਅਤੇ ਨਾ ਹੀ ਸਿੱਖ ਸੰਗਤਾਂ ਅਜਿਹੀ 'ਵੱਖਵਾਦ' ਦੀ ਵਿਚਾਰਧਾਰਾ ਵਿਚ ਯਕੀਨ ਰੱਖਦੀਆਂ ਹਨ।

ਦਰਬਾਰ ਸਾਹਿਬ ਦਰਸ਼ਨਾਂ ਲਈ ਖੋਹਲ ਦਿਤਾ ਗਿਆ

ਸਾਡੇ ਪੱਤਰ ਪ੍ਰੇਰਕ ਅਨੁਸਾਰ ਅੰਮ੍ਰਿਤਸਰ ਦੇ ਲੋਕਾਂ ਵਿਚ ਭਾਰੀ ਉਤਸ਼ਾਹ ਪਾਇਆ ਗਿਆ ਜਦੋਂ ਦਰਬਾਰ ਸਾਹਿਬ ਸੰਗਤਾਂ ਦੇ ਦਰਸ਼ਨਾਂ ਲਈ ਖੋਲ੍ਹ ਦਿਤਾ ਗਿਆ। ਹਜ਼ਾਰਾਂ ਲੋਕਾਂ ਦੀ ਭੀੜ ਦਰਸ਼ਨਾਂ ਲਈ ਟੁੱਟ ਪਈ। ਸਾਡੇ ਪੱਤਰਪ੍ਰੇਰਕ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਸਾਰੀ ਬਿਲਡਿੰਗ ਪੂਰੀ ਤਰ੍ਹਾਂ ਸਜਾ ਦਿਤੀ ਗਈ ਹੈ।



ਸਰਕਾਰ ਵਲੋਂ ਫੌਜਾਂ ਕੱਢਣ ਦਾ ਐਲਾਨ

ਨਵੀਂ ਦਿੱਲੀ — (ਵਿਸ਼ੇਸ਼ ਪ੍ਰਤੀਨਿਧ) ਸਾਡੇ ਪੱਤਰ ਪ੍ਰੇਰਕ ਦੇ ਸੂਚਨਾ ਅਨੁਸਾਰ ਪ੍ਰਧਾਨ ਮੰਤਰੀ ਸ੍ਰੀਮਤੀ ਗਾਂਧੀ ਨੇ ਆਲ ਇੰਡੀਆ ਰੇਡੀਓ ਤੇ 'ਦੂਰਦਰਸ਼ਨ' ਤੇ ਇਕ ਬਿਆਨ ਵਿਚ ਕਿਹਾ ਕਿ 'ਸਰਕਾਰ ਦਾ ਮਕਸਦ ਦਰਬਾਰ ਸਾਹਿਬ ਤੇ ਕਬਜ਼ਾ ਕਰਨਾ ਨਹੀਂ ਸੀ। ਇਸੇ ਲਈ ਜੂਨ ਦੀ ਕਾਰਵਾਈ ਤੋਂ ਪਿਛੋਂ 36 ਗੁਰਦੁਆਰੇ ਉਸੇ ਸਮੇਂ ਕਮੇਟੀਆਂ ਨੂੰ ਸੰਭਾਲ ਦਿੱਤੇ ਗਏ ਸਨ।'

ਸ੍ਰੀਮਤੀ ਗਾਂਧੀ ਨੇ ਬਿਆਨ ਵਿਚ ਕਿਹਾ 'ਕਿ ਹਰਿਮੰਦਰ ਸਾਹਿਬ ਵਿਚ ਸ੍ਰੀ ਅਕਾਲ ਤਖਤ ਦੀ ਅਤੇ ਹੋਰ ਬਿਲਡਿੰਗਾਂ ਦੀ ਮੁਰੰਮਤ ਦੀ ਮੁਸ਼ਕਲ ਸੀ। ਇਹ ਮੁਰੰਮਤ ਪੂਰੀ ਸ਼ਰਧਾ ਨਾਲ ਕੀਤੀ ਜਾਣੀ ਸੀ ਪਰ ਇਸ ਬਾਰੇ ਸਮਝੌਤਾ ਨਾ ਹੋ ਸਕਿਆ। ਹੁਣ ਸ੍ਰੀ ਅਕਾਲ ਤਖਤ ਦੀ ਸ਼ਾਨ ਮੁੜ ਬਹਾਲ ਹੋ ਗਈ ਹੈ।'

ਇੰਦਰਾ ਗਾਂਧੀ ਨੇ ਕਿਹਾ ਕਿ 'ਆਮ ਦਾਖਲੇ ਤੇ ਰੋਕ ਇਸ ਲਈ ਲਾਈ ਗਈ ਤਾਕਿ ਮੁਰੰਮਤ ਦੇ ਕੰਮ ਵਿਚ ਵਿਘਨ ਨਾ ਪਵੇ। ਹੌਲੀ ਹੌਲੀ ਫੌਜ ਘਟਾ ਦਿਤੀ ਗਈ ਤੇ ਹੁਣ ਕੇਵਲ ਤੋਸ਼ੇਖਾਨਾ ਦੀ ਰਾਖੀ ਲਈ ਕੁਝ ਪਹਿਰੇਦਾਰ ਸਨ।

ਸ੍ਰੀਮਤੀ ਗਾਂਧੀ ਨੇ ਕਿਹਾ ਕਿ ਸਿੰਘ ਸਾਹਿਬਾਨ ਨੇ ਪਬਲਿਕ ਬਿਆਨ ਦਿਤੇ ਹਨ ਕਿ ਉਹ ਗੁਰਦੁਆਰਿਆਂ ਦੀ ਗਲਤ ਵਰਤੋਂ ਦੇ ਖਿਲਾਫ ਹਨ ਅਤੇ ਪਵਿੱਤਰ ਥਾਵਾਂ ਤੇ ਹਥਿਆਰ ਜ਼ਮ੍ਹਾਂ ਕਰਨ ਦਾ ਵਿਰੋਧ ਕਰਦੇ ਹਨ।

ਅੱਗੇ ਬੋਲਦਿਆਂ ਸ੍ਰੀਮਤੀ ਗਾਂਧੀ ਨੇ ਕਿਹਾ ਕਿ 'ਹੁਣ ਮੁਰੰਮਤ ਦਾ ਕੰਮ ਮੁਕੰਮਲ ਹੋ ਗਿਆ ਹੈ, ਇਸ ਲਈ ਫੌਜ ਵੀ ਮੁਕੰਮਲ ਤੌਰ ਤੇ ਹਟਾ ਦਿਤੀ ਗਈ ਹੈ। ਸ੍ਰੀਮਤੀ ਗਾਂਧੀ ਨੇ ਕਿਹਾ ਕਿ ਸਮੁੱਚੀ ਕੌਮ ਦਾ ਇਕੋ ਇਕ ਉਦੇਸ਼ ਹੈ ਕਿ ਧਾਰਮਿਕ ਸਥਾਨ ਵੱਖਵਾਦ, ਦਹਿਸ਼ਤਪਸੰਦੀ, ਕੌਮ-ਵਿਰੋਧੀ ਅਤੇ ਗੈਰ-ਸਮਾਜੀ ਅਨਸਰਾਂ ਦੇ ਅੱਡੇ ਨਾ ਬਣਨ।

ਰੇਡੀਓ ਤੇ ਟੈਲੀਵੀਜ਼ਨ ਦੇ ਆਪਣੇ ਬਿਆਨ ਵਿਚ ਸ੍ਰੀਮਤੀ ਗਾਂਧੀ ਨੇ ਕਿਹਾ ਕਿ ਪੰਜਾਬ ਉਤੇ ਦੇਸ਼ ਨੂੰ ਮਾਣ ਹੈ ਅਤੇ ਇਹ ਸ਼ਕਤੀ ਦਾ ਸੋਮਾ ਹੈ। ਇਸ ਨਵੇਂ ਕਦਮ ਨਾਲ ਨਵਾਂ ਰਾਹ ਸ਼ੁਰੂ ਹੋਵੇਗਾ ਜਿਥੇ ਹਰ ਹਿੱਸੇ ਦੇ ਲੋਕ ਵਿਸ਼ਵਾਸ਼

(ਬਾਕੀ ਪੰਨਾ 3 ਤੇ)

ਹਥਿਆਰ ਅੰਦਰ ਨਹੀਂ ਜਾ ਸਕਣਗੇ

ਪੱਤਰ ਪ੍ਰੇਰਕ ਅਨੁਸਾਰ ਸੁਰੱਖਿਆ ਸੈਨਾਵਾਂ ਵਲੋਂ ਦਰਬਾਰ ਸਾਹਿਬ ਤੋਂ ਬਾਹਰ ਅਜਿਹੇ ਪ੍ਰਬੰਧ ਕਰ ਦਿਤੇ ਗਏ ਹਨ ਕਿ ਕੋਈ ਵੀ ਵਿਅਕਤੀ ਹਥਿਆਰ ਲੈ ਕੇ ਕੰਪਲੈਕਸ ਵਿਚ ਦਾਖਲ ਨਹੀਂ ਹੋ ਸਕੇਗਾ।

ਕੈਨੇਡਾ ਦਰਪਣ

'ਕੈਨੇਡਾ ਸਰਕਾਰ ਦੇ ਫੰਡ ਵੱਖਵਾਦ ਲਈ ਵਰਤੇ ਜਾ ਰਹੇ ਹਨ' ਭਾਰਤੀ ਹਾਈ ਕਮਿਸ਼ਨਰ ਫਾਬੀਅਨ ਦਾ ਦੋਸ਼

ਵਾਸ਼ਿੰਗਟਨ — 16 ਸਤੰਬਰ ਦੇ 'ਟਾਈਮਜ਼ ਆਫ਼ ਇੰਡੀਆ' ਦੇ ਪੱਤਰਪ੍ਰੇਰਕ ਜੇ. ਐਨ. ਪੈਰੀਮੂ ਦੀ ਖਬਰ ਅਨੁਸਾਰ ਕੈਨੇਡਾ ਵਿਚ ਭਾਰਤੀ ਹਾਈ ਕਮਿਸ਼ਨਰ ਨੇ ਦੋਸ਼ ਲਾਇਆ ਹੈ ਕਿ ਕੈਨੇਡਾ ਸਰਕਾਰ ਵਲੋਂ ਘੱਟ ਗਿਣਤੀ ਲੋਕਾਂ ਦੀਆਂ ਸਭਾਵਾਂ ਨੂੰ ਜੋ ਮਾਲੀ ਇਮਦਾਦ ਦਿਤੀ ਜਾਂਦੀ ਹੈ, ਉਸ ਨੂੰ ਉਹ ਸਭਾਵਾਂ ਭਾਰਤ ਵਿਚ ਵੱਖਵਾਦ ਪੈਦਾ ਕਰਨ ਲਈ ਵਰਤ ਰਹੀਆਂ ਹਨ।

ਇਕ ਸਿੱਖ ਸੁਸਾਇਟੀ ਤੇ ਐਕਟਿੰਗ ਹਾਈ ਕਮਿਸ਼ਨਰ ਨੇ 'ਦੋਸ਼' ਲਾਉਂਦਿਆਂ ਕਿਹਾ ਕਿ ਉਹ ਭਾਰਤ ਵਿਚ ਸਿੱਖ ਰਾਜ ਦੀ ਸਥਾਪਨਾ ਦਾ ਨਾਅਰਾ ਦੇ ਰਹੀ ਹੈ। ਇਸ ਨੂੰ 9000 ਡਾਲਰ ਕੈਨੇਡਾ ਸਰਕਾਰ ਵਲੋਂ ਸਾਲਾਨਾ ਮਦਦ ਮਿਲ ਰਹੀ ਹੈ। ਸ੍ਰੀ ਫਾਬੀਅਨ ਨੇ ਕਿਹਾ ਕਿ ਇਹ ਮੱਦਦ ਇਸ ਸੁਸਾਇਟੀ ਨੂੰ ਪਿਛਲੇ ਦੋ ਸਾਲਾਂ ਤੋਂ ਮਿਲਣ ਲੱਗੀ ਹੈ।

ਪੱਤਰਪ੍ਰੇਰਕ ਲਿਖਦਾ ਹੈ ਕਿ ਸਰਕਾਰੀ ਫੰਡ ਭਾਰਤ ਵਿਚ ਵੱਖਵਾਦ ਪੈਦਾ ਕਰਨ ਲਈ ਨਹੀਂ ਦਿਤੇ ਜਾਂਦੇ ਪਰ ਇਨ੍ਹਾਂ ਫੰਡਾਂ ਦੀ ਗ਼ਲਤ ਵਰਤੋਂ ਹੋ ਰਹੀ ਹੈ। ਜਦ ਕਿ ਸਰਕਾਰੀ ਸਹਾਇਤਾ ਇਸ ਲਈ ਦਿਤੀ ਜਾਂਦੀ ਹੈ ਕਿ ਘੱਟ ਗਿਣਤੀ ਹੋਂਦ ਨੂੰ ਕਾਇਮ ਰੱਖਿਆ ਜਾਵੇ।

ਹਾਈ ਕਮਿਸ਼ਨਰ ਨੇ ਇਹ ਵੀ ਦੋਸ਼ ਲਾਇਆ ਹੈ ਕਿ ਕੈਨੇਡਾ ਸਰਕਾਰ ਪਿਛਲੇ ਦੋ ਸਾਲਾਂ ਤੋਂ ਵੱਧ ਤੋਂ ਵੱਧ ਮਾਲੀ ਮੱਦਦ ਦੇ ਰਹੀ ਹੈ ਜਿਸ ਮੱਦਦ ਨੂੰ ਦਹਿਸ਼ਤਪਸੰਦੀ ਲਈ ਵਰਤਿਆ ਜਾ ਰਿਹਾ ਹੈ।

ਹਾਈ ਕਮਿਸ਼ਨਰ ਨੇ ਕਿਹਾ ਹੈ ਕਿ ਕੈਨੇਡਾ ਤੇ ਭਾਰਤ ਦੋਵੇਂ ਕਾਮਨਵੈਲਥ ਦੇਸ਼ ਹਨ ਇਸ ਲਈ ਦੋਵਾਂ ਮੁਲਕਾਂ ਦੀਆਂ ਇਕ ਦੂਜੇ ਪ੍ਰਤੀ ਜ਼ਿਮੇਂਵਾਰੀਆਂ ਤੇ ਦੋਸਤੀ ਵੀ ਵੱਧ ਹੈ।

ਗ਼ੈਰ ਸਰਕਾਰੀ ਅੰਕੜਿਆਂ ਅਨੁਸਾਰ 2 ਲੱਖ 50 ਹਜ਼ਾਰ ਭਾਰਤੀ ਮੂਲ ਦੇ ਲੋਕ ਕੈਨੇਡਾ ਵਿਚ ਰਹਿੰਦੇ ਹਨ। ਕੈਨੇਡਾ ਦੇ ਰਾਜਸੀ ਨੇਤਾ ਜਾਣ ਬੁਝ ਕੇ ਇਸ ਹਿੱਸੇ ਦੀ ਗਿਣਤੀ ਵੱਧ ਦੱਸ ਰਹੇ ਹਨ।

'ਕੈਨੇਡਾ ਦਰਪਣ' ਆਪ ਪੜ੍ਹੋ ਅਤੇ ਦੂਜਿਆਂ ਨੂੰ ਪੜ੍ਹਨ ਲਈ ਪਰੇਰੋ

ਲੋਕ ਸਦਭਾਵਨਾ ਮੰਚ ਵਲੋਂ ਏਕਤਾ ਦਾ ਸੱਦਾ

ਪੰਜਾਬ ਵਿਚ ਵਾਪਰੀਆਂ ਅਜੋਕੀਆਂ ਘਟਨਾਵਾਂ ਨੇ ਇੰਡੋ-ਕੈਨੇਡੀਅਨ ਲੋਕਾਂ ਤੇ ਡੂੰਘਾ ਪ੍ਰਭਾਵ ਪਇਆ ਹੈ। ਕਮਿਊਨਿਟੀ ਸਾਹਮਣੇ ਅਜਿਹਾ ਸੰਕਟ ਆ ਖੜਾ ਹੋਇਆ ਹੈ ਜਿਸਦੀ ਮਿਸਾਲ ਪਹਿਲਾਂ ਨਹੀਂ ਮਿਲਦੀ। ਕਮਿਊਨਿਟੀ ਦੇ ਅੱਸੀ ਸਾਲ ਦੇ ਇਤਿਹਾਸ ਵਿਚ ਪਹਿਲੀ ਵਾਰ ਕਮਿਊਨਿਟੀ ਫਿਰਕੂ ਆਧਾਰ ਤੇ ਵੰਡੀ ਗਈ ਹੈ। ਇਹ ਵੰਡ ਸਿੱਧੇ ਤੌਰ ਤੇ ਸਾਡੇ ਪੁਰਾਣੇ ਵਿਰਸੇ, ਅਜੋਕੇ ਘੋਲਾਂ ਅਤੇ ਭਵਿੱਖ ਦੀ ਸਲਾਮਤੀ ਉਤੇ ਸਿੱਧੇ ਤੌਰ ਤੇ ਅਸਰ ਅੰਦਾਜ਼ ਹੋ ਰਹੀ ਹੈ।

ਵੱਖ ਵੱਖ ਸੰਸਥਾਵਾਂ ਅਤੇ ਵਿਅਕਤੀ ਪਿਛਲੇ ਕੁਝ ਹਫਤਿਆਂ ਤੋਂ ਇਕੱਠੇ ਹੋ ਕੇ ਗੱਲਬਾਤ ਵਿਚ ਸ਼ਾਮਲ ਹੋਏ ਹਨ ਅਤੇ ਅਜੋਕੇ ਹਾਲਾਤ ਤੇ ਵਿਚਾਰ ਕੀਤਾ ਗਿਆ ਹੈ। ਕਈ ਮੀਟਿੰਗਾਂ ਪਿਛੋਂ **ਲੋਕ ਸਦਭਾਵਨਾ ਮੰਚ** ਦੀ ਸਥਾਪਨਾ ਕੀਤੀ ਗਈ ਹੈ ਜਿਸਦਾ ਮੁੱਖ ਆਸ਼ਾ ਵੱਖ ਵੱਖ ਫਿਰਕਿਆਂ ਦੇ ਲੋਕਾਂ ਵਿਚ ਇਕਸੁਰਤਾ ਕਾਇਮ ਰੱਖਣੀ ਅਤੇ ਕਮਿਊਨਿਟੀ ਵਿਚ ਹਿੰਦੂ-ਸਿੱਖ ਏਕਤਾ ਨੂੰ ਮਜ਼ਬੂਤ ਕਰਨਾ ਹੈ। ਇਸ ਆਸ਼ੇ ਦੀ ਪੂਰਤੀ ਲਈ ਹੇਠ ਲਿਖੇ ਕੰਮ ਲੋਕ ਸਦਭਾਵਨਾ ਮੰਚ ਨੇ ਮਿਥੇ ਹਨ :

(ੳ) ਕਮਿਊਨਿਟੀ ਵਿਚ ਹਾਲਾਤ ਤੇ ਨਜ਼ਰਸਾਨੀ ਕਰਨੀ
(ਅ) ਫਿਰਕੂ ਹਿੰਸਾ ਦਾ ਸ਼ਿਕਾਰ ਅਤੇ ਤੰਗ ਕੀਤੇ ਜਾ ਰਹੇ ਵਿਅਕਤੀਆਂ ਨੂੰ ਮੱਦਦ ਪਹੁੰਚਾਉਣੀ
(ੲ) ਅਜਿਹੇ ਪਬਲਿਕ ਕੰਮਾਂ ਵਿਚ ਹਿੱਸਾ ਲੈਣਾ ਜਿਸ ਨਾਲ ਕਮਿਊਨਿਟੀ ਵਿਚ ਫਿਰਕੂ ਸਦਭਾਵਨਾ ਵਧੇ।
(ਸ) ਕਮਿਊਨਿਟੀ ਵਿਚ ਦਲੀਲ ਦੇ ਆਧਾਰ ਤੇ ਗਲਬਾਤ ਜਾਰੀ ਰੱਖਣ ਨੂੰ ਉਤਸ਼ਾਹਤ ਕਰਨਾ
(ਹ) ਲਿਖਣ ਅਤੇ ਬੋਲਣ ਦੀ ਮੁਕੰਮਲ ਆਜ਼ਾਦੀ ਨੂੰ ਯਕੀਨੀ ਬਨਾਉਣਾ

ਜਦ ਤੋਂ ਇਹ ਸੰਕਟ ਸ਼ੁਰੂ ਹੋਇਆ ਹੈ ਕੁਝ ਸੰਸਥਾਵਾਂ ਅਤੇ ਵਿਅਕਤੀਆਂ ਨੇ ਗ਼ੈਰ-ਸਿਹਤਮੰਦ ਰੁਝਾਨਾਂ ਵਿਰੁੱਧ ਕੰਮ ਸ਼ੁਰੂ ਕੀਤਾ ਹੋਇਆ ਹੈ। ਉਦਾਹਰਣ ਦੇ ਤੌਰ ਤੇ ਕੁਝ ਸਮਾਂ ਪਹਿਲਾਂ ਕੈਨੇਡਾ ਅਤੇ ਅਮਰੀਕਾ ਦੀਆਂ ਸੱਤ ਸੰਸਥਾਵਾਂ ਨੇ ਇਕ ਪੈਂਫਲਿਟ ਛਾਪ ਕੇ ਅਪੀਲ ਕੀਤੀ ਸੀ ਕਿ ਹਿੰਦੂ-ਸਿੱਖ ਏਕਤਾ ਨੂੰ ਮਜ਼ਬੂਤ ਕੀਤਾ ਜਾਵੇ ਅਤੇ ਜਨੂੰਨ ਅਤੇ ਫਿਰਕਾਪ੍ਰਸਤੀ ਵਿਰੁਧ ਲੜਿਆ ਜਾਵੇ। ਇਨ੍ਹਾਂ ਸੰਸਥਾਵਾਂ ਵਿਚ ਡਾ: ਅੰਬੇਦਕਰ ਮੈਮੋਰੀਅਲ ਐਸੋਸੀਏਸ਼ਨ ਆਫ਼ ਕੈਨੇਡਾ, ਐਂਟੀ-47 ਫਰੰਟ(ਅਮਰੀਕਾ), ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮੈਰਿਕਾ (ਇਪਾਨਾ), ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਐਡਮਿੰਟਨ, ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ, ਵਿੰਨੀਪੈਗ, ਵੈਨਕੂਵਰ ਸੱਥ ਅਤੇ ਵਤਨੋਂ ਦੂਰ ਸ਼ਾਮਲ ਸਨ। ਨਸਲਵਾਦ ਵਿਰੁਧ ਸੰਘਰਸ਼ ਸੰਮਤੀ ਨੇ ਵੀ ਹਿੰਸਾ ਦੀ ਵਿਰੋਧਤਾ ਕੀਤੀ ਅਤੇ ਕਮਿਊਨਿਟੀ ਵਿਚ ਏਕਤਾ ਦੀ ਅਪੀਲ ਕੀਤੀ। ਵਿਅਕਤੀਗਤ ਪੱਧਰ ਤੇ ਬਹੁਤ ਸਾਰਿਆਂ ਨੇ ਅਖਬਾਰਾਂ ਵਿਚ ਖਤ ਲਿਖੇ ਤਾਂਕਿ ਏਕਤਾ ਕਾਇਮ ਰਹੇ। ਖਾਸਕਰ ਕਮਿਊਨਿਟੀ ਦੇ ਪ੍ਰਸਿੱਧ ਮੈਂਬਰ ਸ੍ਰੀ ਉਜੱਲ ਦੁਸਾਂਝ ਨੇ ਕਮਿਊਨਿਟੀ ਦੀ ਏਕਤਾ ਲਈ ਲੋਕ-ਅਪੀਲ ਕੀਤੀ ਅਤੇ ਡਰਾਵੇ ਜਾਂ ਧਮਕੀਆਂ ਦੀ ਨਿਖੇਧੀ ਕੀਤੀ ਜੋ ਬੋਲਣ ਤੇ ਲਿਖਣ ਦੀ ਆਜ਼ਾਦੀ ਤੇ ਹਮਲਾ ਹੈ।

ਮੰਚ ਦੇ ਆਸ਼ਿਆਂ ਦੇ ਆਧਾਰ ਤੇ ਲੋਕ ਸਦਭਾਵਨਾ ਮੰਚ ਇਨ੍ਹਾਂ ਸੰਸਥਾਵਾਂ ਤੇ ਵਿਅਕਤੀਆਂ ਦੀ ਪੁਰਜ਼ੋਰ ਸਰਾਹਨਾ ਕਰਦਾ ਹੈ ਜਿਨ੍ਹਾਂ ਨੇ ਸਿੱਖ-ਹਿੰਦੂ ਏਕਤਾ ਲਈ ਕੰਮ ਕੀਤਾ ਹੈ ਅਤੇ ਸਾਰੇ ਲੋਕਾਂ ਦੀ ਲਿਖਣ ਬੋਲਣ ਦੀ ਆਜ਼ਾਦੀ ਦੀ ਹਮਾਇਤ ਕੀਤੀ ਹੈ। ਮੰਚ ਸਭ ਲੋਕਾਂ ਨੂੰ ਅਪੀਲ ਕਰਦਾ ਹੈ ਕਿ ਜੋ ਲੋਕ ਚੁੱਪ ਬੈਠੇ ਹਨ ਉਹ ਆਪਣੀ ਆਵਾਜ਼ ਬੁਲੰਦ ਕਰਨ ਅਤੇ ਲੋਕ ਸਦਭਾਵਨਾ ਮੰਚ ਦੇ ਮੈਂਬਰ ਬਣਨ ਤਾਂ ਕਿ ਉਪਰੋਕਤ ਆਸ਼ਿਆਂ ਦੀ ਪੂਰਤੀ ਹੋ ਸਕੇ।

ਲੋਕ ਸਦਭਾਵਨਾ ਮੰਚ ਦੇ ਬੁਲਾਰੇ ਸੁਖਵੰਤ ਹੁੰਦਲ ਨੂੰ 321-9221 ਫੋਨ ਤੇ ਮਿਲਿਆ ਜਾ ਸਕਦਾ ਹੈ ਤੇ ਹੋਰ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ।

ਲੋਕ ਸਦਭਾਵਨਾ ਮੰਚ ਕਮਿਊਨਿਟੀ ਦੀ ਏਕਤਾ ਦਾ ਪ੍ਰਤੀਕ ਹੈ। ਅੱਜ ਹੀ ਮੈਂਬਰ ਬਣੋ : (ਇਹ ਫ਼ਾਰਮ ਭਰਕੇ ਤੁਸੀਂ ਮੰਚ ਨੂੰ ਭੇਜ ਸਕਦੇ ਹੋ। ਮੈਂਬਰਸ਼ਿਪ ਫੀਸ ਕੇਵਲ ਇਕ ਡਾਲਰ ਹੈ।)

FORUM FOR COMMUNAL HARMONY
P.P.BOX 2252, NEW WESTMINSTER, B.C. V3L 5A5

OBJECTIVE :— To preserve and promote communal harmony and Hindu-Sikh unity in the community.

I/We agree with the above objective of the FORUM FOR COMMUNAL HARMONY and hereby apply for the membership.

MEMBERSHIP FEE:— $25.00 for organizations and minimum $1.00 for individuals.

NAME ____________________

ADDRESS ____________________

PHONE NO. ____________________

SIGNATURES ____________________

ਪੰਜਾਬ ਦਰਪਣ

ਹਰਿਮੰਦਰ ਸਾਹਿਬ ਕੰਪਲੈਕਸ ਪਹਿਲੀ ਅਕਤੂਬਰ ਤੱਕ ਸ਼੍ਰੋਮਣੀ ਕਮੇਟੀ ਹਵਾਲੇ

ਨਵੀਂ ਦਿੱਲੀ - ਸ਼੍ਰੋਮਣੀ ਅਕਾਲੀ ਦਲ ਦੀ ਮੀਟਿੰਗ ਜੋ ਪਿਛਲੇ ਹਫਤੇ ਇੱਥੇ ਹੋਈ, ਵਿੱਚ ਫੈਸਲੇ ਗੁਪਤ ਰੱਖੇ ਗਏ ਪਰ ਫਿਰ ਵੀ ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਪਹਿਲੀ ਅਕਤੂਬਰ ਤੱਕ ਹਰਿਮੰਦਰ ਸਾਹਿਬ ਕੰਪਲੈਕਸ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰ ਦਿੱਤਾ ਜਾਵੇਗਾ ਕਿਉਂਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਮੁਰੰਮਤ ਲੱਗਭਗ ਮੁਕੰਮਲ ਹੋ ਗਈ ਹੈ। ਸ਼ੁਕਰਵਾਰ ਤੋਂ ਹਰਿਮੰਦਰ ਸਾਹਿਬ ਦੁਪਹਿਰ ਦੇ ਬਾਰਾਂ ਵਜੇ ਤੱਕ ਖੋਲ੍ਹ ਦਿੱਤਾ ਗਿਆ ਹੈ। ਕਾਰੀਗਰਾਂ ਨੇ ਪੈੜਾਂ ਆਦਿ ਖੋਹਲਣੀਆਂ ਸ਼ੁਰੂ ਕਰ ਦਿੱਤੀਆਂ ਹਨ।

ਇਸੇ ਦੌਰਾਨ ਖਬਰ ਹੈ ਕਿ ਸ਼ੁਕਰਵਾਰ ਨੂੰ ਬਾਬਾ ਸੰਤਾ ਸਿੰਘ ਵੱਲੋਂ ਨਿਹੰਗਾਂ ਦੀ ਇੱਕ ਕਾਨਫਰੰਸ ਬੁਲਾ ਲਈ ਗਈ ਹੈ ਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਮੁਰੰਮਤ ਮੁਕੰਮਲ ਹੋਣ ਤੇ ਪਾਠ ਦਾ ਭੋਗ ਪਵੇਗਾ।

ਸ੍ਰੀ ਅਕਾਲ ਤਖਤ ਤੇ ਕੰਮ ਕਰਦਾ ਰਾਜ ਚੜ੍ਹਾਈ ਕਰ ਗਿਆ

ਅੰਮ੍ਰਿਤਸਰ — 13 ਸਤੰਬਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਮੁਰੰਮਤ ਦੇ ਕੰਮ ਵਿਚ ਲੱਗਿਆ ਮਿਸਤਰੀ ਪਿਆਰਾ ਸਿੰਘ ਪੌੜੀ ਤੋਂ ਡਿਗਣ ਕਾਰਨ ਜ਼ਖਮੀ ਹਾਲਤ ਵਿਚ ਗੁਰੂ ਤੇਗ ਬਹਾਦਰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਉਹ ਸੋਮਵਾਰ ਅਕਾਲ ਚਲਾਣਾ ਕਰ ਗਿਆ ਹੈ।

ਪਿਆਰਾ ਸਿੰਘ 58 ਸਾਲ ਦਾ ਨਿਪੁੰਨ ਕਾਰੀਗਰ ਦੱਸਿਆ ਗਿਆ ਹੈ ਜੋ ਜੰਡਿਆਲਾ ਗੁਰੂ ਹਲਕੇ ਦਾ ਇਕ ਪਿੰਡ ਦਾ ਵਾਸੀ ਸੀ। ਗੁੰਬਦ ਉਤੇ ਕੰਮ ਕਰਦੇ ਪੈਰ ਤਿਲਕਣ ਨਾਲ ਪਿਆਰਾ ਸਿੰਘ ਦੇ ਸੱਟਾਂ ਵੱਜੀਆਂ ਸਨ।

(ਪੰਨਾ 1 ਦੀ ਬਾਕੀ)

ਅਤੇ ਸਦਭਾਵਨਾ ਨਾਲ ਰਹਿਣਗੇ।'

ਬਖਸ਼ੀ ਜਗਦੇਵ ਸਿੰਘ

ਸਿੱਖ ਬਰਦਰਹੁਡ ਦੇ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰੈਸ ਸਕੱਤਰ ਬਖਸ਼ੀ ਜਗਦੇਵ ਸਿੰਘ ਨੇ ਕਿਹਾ ਕਿ 'ਸਰਕਾਰ ਦਾ ਇਹ ਕਦਮ ਸਹੀ ਕਦਮ ਹੈ।'

ਸਿੰਘ ਸਾਹਿਬਾਨ ਵਲੋਂ ਬਟਾਲਾ ਘਟਨਾ ਦੀ ਨਿੰਦਾ

ਅੰਮ੍ਰਿਤਸਰ — ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਿਘ ਅਤੇ ਸ੍ਰੀ ਦਰਬਾਰ ਸਾਹਿਬ ਦੇ ਹੈਡ ਗਰੰਥੀ ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਪੁਰਾਣੀਆਂ ਸਦੀਆਂ ਪੁਰਾਣੀਆਂ ਪ੍ਰੰਪਰਾਵਾਂ ਅਨੁਸਾਰ ਆਪਸੀ ਪਿਆਰ ਤੇ ਸਦਭਾਵਨਾ ਕਾਇਮ ਰੱਖਣ ਅਤੇ ਇਕ ਦੂਜੇ ਦੇ ਦੁਖ-ਸੁਖ ਵਿਚ ਸਹਾਈ ਹੋਣ। ਸਿੰਘ ਸਾਹਿਬ ਨੇ ਕਿਹਾ ਕਿ ਸਿੱਖ ਧਰਮ ਸਮੁੱਚੀ ਮਨੁੱਖਤਾ ਦੇ ਏਕੇ ਦਾ ਮੁਦਈ ਹੈ ਅਤੇ 'ਏਕ ਪਿਤਾ ਏਕਸ ਕੇ ਹਮ ਬਾਰਕ' ਅਨੁਸਾਰ, ਸਮੁੱਚੀ ਮਨੁੱਖਤਾ ਨੂੰ ਪ੍ਰਮੇਸ਼ਰ ਦਾ ਪ੍ਰਵਾਰ ਸਮਝਦਾ ਹੈ। ਸਿੰਘ ਸਾਹਿਬ ਨੇ ਪੰਜਾਬ 'ਚ ਪਿਛਲੇ ਦਿਨਾਂ 'ਚ ਅਤੇ ਹੁਣੇ ਹੀ ਵਾਪਰੀਆਂ ਘਟਨਾਵਾਂ ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਇਹਨਾਂ ਨੂੰ ਅਫਸੋਸਨਾਕ ਕਰਾਰ ਦਿਤਾ। ਤਾਂ ਵੀ ਉਹਨਾ ਅਤਿਵਾਦੀ ਦਹਿਸ਼ਤਪਸੰਦਾਂ ਨੂੰ ਇਹਨਾਂ ਘਟਨਾਵਾਂ ਲਈ ਜਿੰਮੇਂਵਾਰ ਠਹਿਰਾਉਣ ਤੇ ਸੰਕੋਚ ਕੀਤਾ। ਇਸ ਦੇ ਉਲਟ ਉਹਨਾਂ ਇਹਨਾਂ ਦੁਖਦਾਈ ਘਟਨਾਵਾਂ ਲਈ ਕੇਂਦਰ ਸਰਕਾਰ ਦੀਆਂ ਫਿਰਕੂ ਨੀਤੀਆਂ ਨੂੰ ਜ਼ਿੰਮੇਂਵਾਰ ਠਹਿਰਾਇਆ।

ਸਿੰਘ ਸਾਹਿਬ ਨੇ ਮੰਗ ਕੀਤੀ ਕਿ ਬਟਾਲੇ ਲਾਗੇ ਹੋਈ ਦੁਖਦਾਈ ਘਟਨਾ ਦੇ ਅਸਲ ਦੋਸ਼ੀਆਂ ਤੇ ਉਨ੍ਹਾਂ ਪਿਛੇ ਕੰਮ ਕਰਦੀਆਂ ਸ਼ਕਤੀਆਂ ਨੂੰ ਨੰਗਾ ਕੀਤਾ ਜਾਵੇ। ਪਰ ਉਹਨਾਂ ਇਹ ਵੀ ਕਿਹਾ ਜੇ ਸਰਕਾਰ ਨੇ 'ਦੋਸ਼ੀਆਂ' ਨੂੰ ਲੱਭਣ ਦੇ ਬਹਾਨੇ, ਇਲਾਕੇ ਦੇ ਬੇਗੁਨਾਹ ਤੇ ਮਾਸੂਮ ਸਿਖਾਂ ਤੇ ਜਬਰ ਕੀਤਾ ਤਾਂ ਇਸ ਨਾਲ ਸਥਿਤ ਹੋਰ ਵਿਗੜੇਗੀ।

ਮੁਰਾਰਜੀ ਡਿਸਾਈ

ਜਨਤਾ ਪਾਰਟੀ ਦੇ ਨੇਤਾ ਤੇ ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਫੌਜ ਹਟਾਏ ਜਾਣ ਨਾਲ ਹਾਲਤ ਆਮ ਵਰਗੀ ਹੋ ਜਾਵੇਗੀ ਅਤੇ ਲੋਕਾਂ ਵਿਚ ਵਿਸ਼ਵਾਸ਼ ਵਧੇਗਾ।

ਜਗਜੀਵਨ ਰਾਮ

ਕਾਂਗਰਸ(ਜ) ਦੇ ਪ੍ਰਧਾਨ ਤੇ ਸਾਬਕਾ ਡਿਪਟੀ ਪ੍ਰਧਾਨ ਮੰਤਰੀ ਨੇ ਪ੍ਰਧਾਨ ਮੰਤਰੀ ਦੇ ਬਿਆਨ ਦਾ ਸੁਆਗਤ ਕੀਤਾ ਤੇ ਕਿਹਾ ਕਿ 30 ਸਤੰਬਰ ਤੱਕ ਇਹ ਕਾਰਵਾਈ ਮੁਕੰਮਲ ਹੋਣੀ ਚਾਹੀਦੀ ਹੈ।

ਚਰਨ ਸਿੰਘ

ਚਰਨ ਸਿੰਘ ਨੇ ਕਿਹਾ ਕਿ ਫੌਜ ਦੇ ਹਟਾਏ ਜਾਣ ਨਾਲ ਮੇਰੀ ਮੰਗ ਪੂਰੀ ਹੋ ਗਈ ਹੈ ਪਰ ਪ੍ਰਧਾਨ ਮੰਤਰੀ ਨੂੰ ਤਾਰੀਖ ਨੀਯਤ ਕਰ ਦੇਣੀ ਚਾਹੀਦੀ ਹੈ।

ਸਰਕਾਰ ਦਾ ਸਹੀ ਕਦਮ - ਉਜੱਲ ਦੁਸਾਂਝ

ਕਮਿਊਨਿਟੀ ਨੇਤਾ ਤੇ ਪ੍ਰਸਿੱਧ ਵਕੀਲ ਉਜੱਲ ਦੁਸਾਂਝ ਨੇ ਸਰਕਾਰ ਦੇ ਫੈਸਲੇ ਨੂੰ ਵੇਲੇ ਦਾ ਸਹੀ ਕਦਮ ਕਿਹਾ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਸਰਕਾਰ ਛੇਤੀ ਹੀ ਸਾਰੇ ਪੰਜਾਬ ਵਿਚੋਂ ਫੌਜਾਂ ਕੱਢ ਲਵੇਗੀ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਜ਼ਖਮਾਂ ਤੇ ਲੂਣ ਲਾਉਣ ਦੀ ਥਾਂ ਸਰਕਾਰ ਨੂੰ ਮਲ੍ਹਮ ਲਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ। ਦਰਬਾਰ ਸਾਹਿਬ ਵਿਚੋਂ ਫੌਜ ਕੱਢਣ ਦੇ ਫੈਸਲੇ ਨਾਲ ਸਰਕਾਰ ਨੇ ਸਹੀ ਦਿਸ਼ਾ ਵੱਲ ਕਦਮ ਉਠਾਇਆ ਹੈ।

ਚੰਦਰਜੀਤ ਯਾਦਵ

ਪ੍ਰਧਾਨ ਜਨਵਾਦੀ ਪਾਰਟੀ ਨੇ ਕਿਹਾ ਕਿ ਉਹ ਇਸ ਫੈਸਲੇ ਦਾ ਸੁਆਗਤ ਕਰਦੇ ਹਨ ਪਰ ਪੰਜਾਬ ਦਾ ਰਾਜਸੀ ਹੱਕ ਲੱਭਿਆ ਜਾਣਾ ਜ਼ਰੂਰੀ ਹੈ।

THE CANADA DARPAN
P.O.BOX 67344 STN. 'O'
Vancouver, B.C. V5W 3T1
Chief Editor(Hon.): DARSHAN GILL
Managing Editor : GURDEV SINGH DHALIWAL
PHONE : (604)321 - 6360
All Officeholders of CANADA DARPAN are honorary associates

ਸੰਪਾਦਕੀ

ਇੰਦਰਾ ਕਾਂਗਰਸ ਦੇ ਮੱਦਦਗਾਰ ਕੌਣ ਹਨ ?

ਪਿਛਲੇ ਅੰਕ ਦੀ ਸੰਪਾਦਕੀ ਦੇ ਨੁਕਤਿਆਂ ਨੂੰ ਸਾਹਮਣੇ ਰੱਖਦਿਆਂ ਇਸ ਵਿਚ ਕੋਈ ਸ਼ੱਕ ਨਹੀਂ ਰਹਿ ਜਾਂਦੀ ਕਿ ਭਾਰਤ ਦੇ ਹਾਕਮ ਅਤੇ ਬਦੇਸ਼ਾਂ ਵਿਚਲੇ ਸਰਮਾਏਦਾਰ ਟੋਲੇ ਇਸ ਨੁਕਤੇ ਨਾਲ ਤਾਂ ਸਹਿਮਤ ਹਨ ਕਿ ਆਮ ਲੋਕਾਂ ਨੂੰ ਧਰਮ ਅਤੇ ਫਿਰਕਿਆਂ ਦੇ ਆਧਾਰ ਤੇ ਵੰਡ ਕੇ ਰੱਖਿਆ ਜਾਵੇ, ਜ਼ਾਤਪਾਤ ਦੇ ਮਸਲੇ ਦਾ ਹੱਲ ਨਾ ਕੀਤਾ ਜਾਵੇ, ਅਮੀਰ ਅਤੇ ਗਰੀਬ ਵਿਚਕਾਰ ਪਾੜਾ ਬਰਕਰਾਰ ਰੱਖਿਆ ਜਾਵੇ ਪਰ ਸਾਡੀ ਕਮਿਊਨਿਟੀ ਦੀ ਬਦਕਿਸਮਤੀ ਇਹ ਹੈ ਕਿ ਜਿਹੜੇ ਟੋਲੇ ਗਲਾਂ ਵਿਚ ਬਗਲੀਆਂ ਪਾ ਕੇ ਨਿੱਤ ਉਨ੍ਹਾਂ ਦੇ ਦਰਾਂ ਤੇ ਅਲਖ ਜਾਗਉਂਦੇ ਹਨ, ਉਹ ਭਾਰਤ ਦੇ ਹਾਕਮ ਟੋਲੇ ਦੇ ਬਗਲਗੀਰ ਹੁੰਦੇ ਹੋਏ ਵੀ, ਸਾਡੀ ਕਮਿਊਨਿਟੀ ਨੂੰ ਭੰਬਲਭੂਸੇ ਵਿਚ ਪਾ ਰਹੇ ਹਨ। ਕਾਂਗਰਸੀ ਏਜੰਟਾਂ ਦਾ ਰੋਲ ਉਹ ਆਪ ਕਰਦੇ ਹਨ, ਤੇ ਦੋਸ਼ ਦੂਜਿਆਂ ਸਿਰ ਥੱਪਦੇ ਹਨ। ਕੁਝ ਹੋਰ ਸਵਾਲ ਵੀ ਸਾਡੇ ਸਾਹਮਣੇ ਆ ਰਹੇ ਹਨ :

ਜਿਵੇਂ :

1. ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਵਿਚ ਕੁਝ ਅਜਿਹੇ ਲੋਕ ਪੂਰੀ ਤਰ੍ਹਾਂ ਸਰਗਰਮ ਹਨ ਜਿਹੜੇ ਨਿੱਤ ਦੁਹਾਈ ਦਿੰਦੇ ਹਨ ਕਿ ਭਾਰਤ ਦੀ ਸਰਕਾਰ ਸਿੱਖਾਂ ਦੀ ਦੁਸ਼ਮਣ ਹੈ, ਸਿੱਖ ਕੌਮ ਨੂੰ ਖਤਮ ਕਰਨ ਦੇ ਮਨਸੂਬੇ ਧਾਰੀ ਬੈਠੀ ਹੈ, ਪਰ ਉਹ ਆਪ ਉਸੇ ਸਰਕਾਰ ਦੇ ਪਾਸਪੋਰਟਾਂ ਤੇ ਬੜੇ ਮਜ਼ੇ ਨਾਲ ਦਿੱਲੀ ਤੋਂ ਲੰਡਨ, ਦਿੱਲੀ ਤੋਂ ਵੈਨਕੂਵਰ ਅਤੇ ਦਿੱਲੀ ਤੋਂ ਨੀਊਯਾਰਕ ਸਫਰ ਕਰਕੇ ਪਹੁੰਚਦੇ ਹਨ ਸਾਡੀ ਕਮਿਊਨਿਟੀ ਨੂੰ ਅਜਿਹੇ 'ਆਪੇ ਸਜੇ' ਲੀਡਰਾਂ ਤੋਂ ਪੁਛਣਾ ਬਣਦਾ ਹੈ ਕਿ ਪਿਆਰਿਓ ਉਹ ਸਰਕਾਰ ਜਿਸ ਵਿਰੁਧ ਤੁਸੀਂ ਧੂੰਆਂਧਾਰ ਤਕਰੀਰਾਂ ਕਰਦੇ ਹੋ, ਉਹ ਤੁਹਾਨੂੰ ਕਿਸ ਖੁਸ਼ੀ ਵਿਚ ਪਾਸਪੋਰਟ ਦਿੰਦੀ ਹੈ, ਕਿਸ ਆਰਾਮੀ ਨਾਲ ਤੁਹਾਨੂੰ ਕਿਰਾਇਆ ਮਿਲਦਾ ਹੈ ਤੇ ਬਿਨਾਂ ਰੋਕ ਰੁਕਾਵਟ ਦੇ ਬਦੇਸ਼ਾਂ ਦੀ ਸੈਰ ਕਰਨ ਦੇ ਮੌਕੇ ਮਹੁੱਈਆ ਕੀਤੇ ਜਾਂਦੇ ਹਨ ?

2. ਸਾਡੀ ਕਮਿਊਨਿਟੀ ਨੂੰ ਇਹ ਸੁਆਲ ਵੀ ਪੁਛਣਾ ਬਣਦਾ ਹੈ ਕਿ ਜਿਹੜੇ 'ਲੀਡਰ' ਅੱਜ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 'ਬੁਜ਼ਦਿਲ' ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ - ਇਨ੍ਹਾਂ ਸੰਸਥਾਵਾਂ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਨ੍ਹਾਂ ਦੇ ਸੱਦੇ ਤੇ ਸਿੱਖ ਸੰਗਤਾਂ ਮਰ ਮਿਟਣ ਲਈ ਤਿਆਰ ਹੋ ਜਾਂਦੀਆਂ ਹਨ - ਜਿਹੜੇ 'ਆਪੇ ਬਣੇ ਲੀਡਰ' ਇਨ੍ਹਾਂ ਸਿੱਖ ਸੰਗਤਾਂ ਦੀਆਂ ਸੰਸਥਾਵਾਂ ਵਿਰੁਧ ਧਾਰਮਿਕ ਅਸਥਾਨਾਂ ਤੇ ਗਾਲੀਗਲੋਚ ਕਰਦੇ ਹਨ, ਕੀ ਉਹ ਅਸਲ ਵਿਚ ਸਮੁੱਚੇ ਸਿੱਖ ਭਾਈਚਾਰੇ ਦੀ ਤੌਹੀਨ ਤਾਂ ਨਹੀਂ ਕਰ ਰਹੇ ? ਇਹ ਵਿਅਕਤੀ ਇਨ੍ਹਾਂ ਇਤਿਹਾਸਕ ਸੰਸਥਾਵਾਂ ਨਾਲੋਂ ਉਚੇ ਬਣਨ ਦੀ ਕੋਸ਼ਿਸ਼ ਵਿਚ ਤਾਂ ਨਹੀਂ ਹਨ ?

3. ਜੋ ਨਾਅਰੇ ਬਦੇਸ਼ਾਂ ਵਿਚ ਸਰਮਾਏਦਾਰ ਦੇ ਰਹੇ ਹਨ - ਉਨ੍ਹਾਂ ਨਾਅਰਿਆਂ ਦੀ ਤਰਦੀਦ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪੰਜ ਤਖਤਾਂ ਦੇ ਸਿੰਘ ਸਾਹਿਬਾਨ ਕਰ ਚੁਕੇ ਹਨ - ਕੀ ਇਹ ਬਦੇਸ਼ਾਂ ਵਿਚ ਵਸਦੇ ਲੋਕਾਂ ਦੇ 'ਲੀਡਰ' ਪੰਜਾਬ ਦੇ ਲੋਕਾਂ ਤੋਂ ਜ਼ਿਆਦਾ ਸਿਆਣੇ ਬਣਨ ਦੀ ਕੋਸ਼ਿਸ਼ ਕਰ ਰਹੇ ਹਨ ? ਜਾਂ ਇਹ ਲੋਕ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਸਿੰਘ ਸਾਹਿਬਾਨਾਂ ਦੇ ਕਹੇ ਨੂੰ ਜਾਣ ਬੁਝ ਕੇ ਅੱਖੋਂ ਪਰੋਖੇ ਕਰਕੇ ਸਿੱਖ ਸੰਗਤਾਂ ਵਿਚ ਫੁੱਟ ਦੇ ਬੀਜ ਕਾਂਗਰਸੀ ਹਾਕਮਾਂ ਦੇ ਕਹਿਣ ਤੇ ਬੀਜ ਰਹੇ ਹਨ ?

4. ਸਰਮਾਏਦਾਰ ਚਾਹੇ ਉਹ ਭਾਰਤ ਦਾ ਹੈ, ਜਾਂ ਅਮਰੀਕਾ, ਇੰਗਲੈਂਡ ਅਤੇ ਕੈਨੇਡਾ ਦਾ - ਉਸਦਾ ਖਾਸਾ ਇਕੋ ਹੈ - ਤੇ ਇਹ ਹਮੇਸ਼ਾ ਦੂਹਰੀ ਖੇਡ ਖੇਡਦਾ ਹੈ ਕੀ ਇਹ ਦੂਹਰੀ ਖੇਡ ਇਥੇ ਵਸਦੇ ਸਰਮਾਏਦਾਰ ਅਤੇ ਉਨ੍ਹਾਂ ਦਾ ਚਾਟੜਾ ਪ੍ਰੈਸ ਇਥੇ ਵੀ ਤਾਂ ਨਹੀਂ ਖੇਡ ਰਿਹਾ ?

'ਕੈਨੇਡਾ ਦਰਪਣ' ਦਾ ਇਕ ਪਾਠਕ ਹੋਰ ਬਣਾਓ

ਪੰਜਾਬ ਦਾ ਅਜੋਕਾ ਦੁਖਾਂਤ ਲੀਡਰਸ਼ਿਪ ਦਾ ਸੰਕਟ

□ ਗੁਰਚਰਨ ਰਾਮਪੁਰੀ, ਵੈਨਕੂਵਰ (ਕੈਨੇਡਾ)

ਗਿਆਨ ਦੇ ਭੰਡਾਰ ਤੋਂ ਅਗਿਆਨ ਤੱਕ ਪਹੁੰਚੇ ਅਸੀਂ
ਇਸੇ ਲਈ 'ਨੰਦ ਲਾਲ' ਅੱਜ ਦਰਬਾਰ ਵਿੱਚ ਸਜਿਆ ਨਹੀਂ
ਸੜਕ ਦੀ ਹਿੱਕ ਤੇ ਪਿਆ ਹੈ ਤੜਪਦਾ।

ਕਲਮ ਦੀ ਗਰਦਨ ਤੇ ਰੱਖੀ ਹੈ ਜਿੰਨ੍ਹੇ ਕਾਇਰ ਕਟਾਰ,
ਓਸ ਦਾ ਕੀ ਵਾਸਤਾ ਦਸ਼ਮੇਸ਼ ਜਾਂ ਨਾਨਕ ਦੇ ਨਾਲ।
ਹੁਣ ਦੇ ਔਰੰਗਜ਼ੇਬ ਦਾ ਹੀ ਦਾਸ ਹੋ ਸਕਦਾ ਹੈ ਉਹ।

ਸ਼ਬਦ ਬਾਰੂਦੀ ਕੋਈ ਬੁਰਕਾ ਨਹੀਂ
ਬੇਗੁਨਾਹ ਡੁੱਲ੍ਹੇ ਲਹੂ ਨੂੰ ਇਹ ਲਕੋ ਸਕਦੇ ਨਹੀਂ
ਅੱਖ ਲੋਕਾਂ ਦੀ ਅਮਲ ਹੈ ਦੇਖਦੀ।

ਗੁਰਦੁਆਰਾ ਲਹਿਰ ਅਤੇ ਅਜੋਕੀ ਹਾਲਤ

ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿੱਚ ਧਰਮ-ਅਸਥਾਨਾਂ ਦੀ ਆਜ਼ਾਦੀ ਲਈ ਚੱਲੀ ਸ਼ਾਨਦਾਰ ਗੁਰਦੁਆਰਾ ਸੁਧਾਰ ਲਹਿਰ ਦੀਆਂ ਬੇਮਿਸਾਲ ਜਿੱਤਾਂ ਹੋਈਆਂ। ਲੋਕਾਂ ਦੀਆਂ ਬੇਸ਼ੁਮਾਰ ਕੁਰਬਾਨੀਆਂ ਦੇ ਨਤੀਜੇ ਵਜੋਂ ਗੁਰਦੁਆਰੇ ਬਦਇਖਲਾਕ - ਸਰਕਾਰੀਏ - ਮਹੰਤਾਂ ਦੇ ਹੱਥੋਂ ਨਿਕਲ ਕੇ ਸਿੱਖ ਪੰਥ ਦੀ ਚੁਣੀ ਹੋਈ ਜੱਥੇਬੰਦੀ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਆ ਗਏ। ਸ਼ਾਂਤਮਈ ਲੋਕ-ਸੰਗਰਾਮ ਦੀ ਇਸ ਜਿੱਤ ਨੇ ਅੰਗਰੇਜ਼ੀ-ਸਾਮਰਾਜ ਨੂੰ ਇੱਕ ਵੱਡਾ ਝਟਕਾ ਦਿੱਤਾ ਸੀ। ਪਰ ਗੁਰਦੁਆਰਾ ਲਹਿਰ ਤੋਂ ਪਿੱਛੋਂ ਦੇ ਪੰਜਾਬ ਦੀ ਸਿਆਸਤ, ਵਜ਼ੀਰੀ ਕੁਰਸੀਆਂ ਲਈ ਹੋਏ, ਸ਼ਰਮਨਾਕ ਸਮਝੌਤਿਆਂ ਦੀ ਇਕ ਲੰਮੀ ਲੜੀ ਹੈ ਜਾਂ ਫਿਰਕਾ-ਪ੍ਰਸਤ ਲੀਡਰਾਂ ਵਿੱਚ ਦੂਰ-ਅੰਦੇਸ਼ੀ ਦੀ ਘਾਟ ਦੀ ਕਹਾਣੀ। ਜੋ ਆਪਣੇ ਕੀਤੇ ਫੈਸਲਿਆਂ ਦੇ ਭਵਿੱਖ ਵਿੱਚ ਪੈਣ ਵਾਲੇ ਅਸਰ ਦਾ ਅਨੁਮਾਨ ਅੱਜ ਨਹੀਂ ਲਾ ਸਕਦੀ, ਉਹ ਲੀਡਰਸ਼ਿਪ ਕਾਹਦੀ? ਪੰਜਾਬ ਦੇ ਅਜੋਕੇ ਘੋਰ-ਦੁਖਾਂਤ ਸਮੇਂ ਇਸ ਨੇੜਲੇ-ਇਤਿਹਾਸ ਉਤੇ ਸਾਨੂੰ ਪਿਛਲ-ਝਾਤ ਮਾਰਨੀ ਹੀ ਚਾਹੀਦੀ ਹੈ।

ਗੁਰਦੁਆਰਾ ਪ੍ਰਬੰਧ ਸ਼੍ਰੋਮਣੀ ਕਮੇਟੀ ਕੋਲ ਆਉਣ ਤੋਂ ਪਿੱਛੋਂ ਇੱਕ ਡੇਢ ਦਹਾਕੇ ਵਿੱਚ ਹੀ ਗੱਲ ਸਾਮਰਾਜ-ਵਿਰੋਧ ਤੋਂ ਹਟ ਕੇ ਅੰਗਰੇਜ਼ ਸ਼ਹਿਨਸ਼ਾਹ ਜਾਰਜ ਪੰਜਮ ਦੀ ਸੇਹਤਯਾਬੀ ਦੀਆਂ ਅਰਦਾਸਾਂ ਉਤੇ ਅੱਪੜ ਗਈ। ਇੱਕ ਪਾਸੇ ਕੁਰਸੀ-ਬਾਜ਼ ਸਿੱਖ ਜਾਗੀਰਦਾਰ ਵਜ਼ੀਰੀ ਦੀਆਂ ਕੁਰਸੀਆਂ ਮੱਲ ਕੇ ਬੈਠ ਗਏ, ਦੂਜੇ ਪਾਸੇ ਹਿੰਦੂ, ਮੁਸਲਮਾਨ ਫਿਰਕਾ ਪ੍ਰਸਤ ਲੀਡਰਾਂ ਅਤੇ ਅਖਬਾਰਾਂ ਵਾਲਿਆਂ ਦੇ ਲਾਣੇ ਨੇ ਫਿਰਕੂ-ਜ਼ਹਿਰ ਰੱਜ ਕੇ ਫੈਲਾਇਆ। ਮੁਸਲਿਮ-ਲੀਗ ਅਤੇ ਕਾਂਗਰਸ ਦੀ ਘਾਗ ਲੀਡਰਸ਼ਿਪ ਦੇ ਮੁਕਾਬਲੇ ਉਤੇ ਸਿੱਖ ਲੀਡਰਸ਼ਿਪ ਦੀ ਸਿਆਣਪ ਅਤੇ ਦੂਰ-ਅੰਦੇਸ਼ੀ ਬਾਰੇ ਕੁੱਝ ਨਾ ਹੀ ਕਿਹਾ ਜਾਏ ਤਾਂ ਚੰਗਾ ਹੈ।

ਭਾਰਤ ਦੀ ਵੰਡ ਅਤੇ ਪੰਜਾਬ

ਸਾਮਰਾਜੀ ਸਾਜ਼ਿਸ਼ ਦੇ ਅਧੀਨ ਸੰਨ 1947 ਵਿੱਚ ਪੰਜਾਬ ਦੀ ਹਿੱਕ ਤੇ ਖੂਨੀ ਲਕੀਰ ਬਾਹੀ ਗਈ। ਉਸ ਨਾਲ ਦੋਹੀਂ ਪਾਸੀਂ ਲੱਖਾਂ ਮਾਸੂਮ ਲੋਕਾਂ ਦਾ ਉਜਾੜਾ ਹੋਇਆ ਅਤੇ ਅਣਗਿਣਤ ਲੋਕ ਕਤਲ ਹੋ ਗਏ। ਲੱਖਾਂ ਪੰਜਾਬੀਆਂ ਨੇ ਜ਼ਿੰਦਗੀ ਮੁੜ ਕੇ ਸਿਫਰ ਤੋਂ ਸ਼ੁਰੂ ਕੀਤੀ ਅਤੇ ਉਹ ਵੀਹ ਕੁ ਸਾਲਾਂ ਵਿੱਚ ਹੀ ਸਾਰੇ ਹਿੰਦੁਸਤਾਨ ਉਤੇ ਛਾ ਗਏ। ਦਿੱਲੀ ਤੋਂ ਦੱਖਣ ਤੱਕ, ਬੰਗਾਲ ਤੋਂ ਬੰਬਈ ਤੱਕ। ਇਹ ਕ੍ਰਿਸ਼ਮਾ ਪੰਜਾਬੀ ਤਾਂ ਕਰ ਸਕੇ; ਕਿਉਂਕਿ ਵੇਦਾਂ ਦੇ ਰਚਣਹਾਰਿਆਂ ਦੇ ਵਾਰਸ ਕੁੱਝ ਲੜਾਈਆਂ ਹਾਰ ਕੇ ਵੀ ਜੀਵਨ ਦੀ ਜੰਗ ਜਿੱਤਣਾ ਸਿਖੇ ਹੋਏ ਹਨ। ਇਸ ਭਾਈਚਾਰੇ ਨੂੰ ਗੁਰੂ ਨਾਨਕ ਦੇਵ ਜੀ ਨੇ ਵਿਚਾਰ ਦਾ ਚਾਨਣ ਦਿੱਤਾ, ਗੁਰੂ ਅਰਜਨ ਨੇ ਸਾਰੇ ਭਾਰਤ ਦੇ ਸ਼ਬਦ-ਸਾਗਰ 'ਚੋਂ ਕੱਢਿਆ ਤੱਤ ਗਿਆਨ ਬਖਸ਼ਿਆ, ਗੁਰੂ ਤੇਗ ਬਹਾਦਰ ਨੇ ਮਜ਼ਲੂਮ ਦੀ ਰੱਖਿਆ ਲਈ ਸ਼ਹਾਦਤ ਦਾ ਸਬਕ ਦਿੱਤਾ, ਗੁਰੂ ਗੋਬਿੰਦ ਸਿੰਘ ਨੇ ਜਬਰ ਜ਼ੁਲਮ ਦਾ ਜਥੇਬੰਦ ਟਾਕਰਾ ਕਰਨ ਦਾ ਸਾਹਸ ਦਿੱਤਾ ਅਤੇ ਦੁੱਖ ਦੀ ਸਿਖਰ ਉੱਤੇ ਵੀ ਚੜ੍ਹਦੀ ਕਲਾ 'ਚ ਰਹਿਣ ਦੀ ਜਾਚ ਸਿਖਾਈ।

ਇਹ ਭਾਈਚਾਰਾ ਹਜ਼ਾਰਾਂ ਵਰ੍ਹਿਆਂ ਤੋਂ ਬਦੇਸ਼ੀ ਹਮਲਾਆਵਰਾਂ ਨਾਲ ਲੋਹਾ ਲੈਂਦਾ ਆ ਰਿਹਾ ਹੈ। ਇਨ੍ਹਾਂ ਗੁਣਾਂ ਕਰਕੇ ਲੋਕਾਂ ਵਿੱਚ ਸੱਚ, ਵਿਸ਼ਵਾਸ਼ ਅਤੇ ਸਿਦਕ ਲਈ ਕੁਰਬਾਨੀ ਕਰਨ ਦਾ ਅਥਾਹ ਜਜ਼ਬਾ ਹੈ। ਇਸ ਦੇ ਸਬੂਤ ਇਤਿਹਾਸ ਨੇ ਵਾਰ ਵਾਰ ਦਿੱਤੇ ਹਨ, ਭਾਰਤੀ ਸੁਤੰਤਰਤਾ ਸੰਗਰਾਮ ਵਿੱਚ, ਗਦਰ ਲਹਿਰ ਵਿੱਚ, ਅਕਾਲੀ ਮੋਰਚਿਆਂ ਵੇਲੇ, ਕਿਸਾਨ ਲਹਿਰ ਵਿੱਚ, ਐਮਰਜੈਂਸੀ ਵੇਲੇ ਅਤੇ ਹੁਣ ਸੂਬਿਆਂ ਦੇ ਵੱਧ ਅਧਿਕਾਰਾਂ ਦੇ ਸੰਗਰਾਮ ਵਿੱਚ ਪਰ ਲੀਡਰਾਂ ਦੀ ਮੇਹਰਬਾਨੀ ਦਾ ਸਦਕਾ ਫੌਜਾਂ ਬਹੁਤੀ ਵਾਰ ਜਿੱਤ ਕੇ ਵੀ ਹਾਰ ਜਾਂਦੀਆਂ ਹਨ। ਇਸ ਕਰਕੇ ਪੰਜਾਬ ਦੇ ਦੁਖਾਂਤ ਦਾ ਕਾਰਨ ਲੀਡਰਸ਼ਿਪ ਅਤੇ ਹਾਕਮਾਂ ਦੀ ਸਿਆਸੀ ਸਿਆਣਪ ਅਤੇ ਈਮਾਨਦਾਰੀ ਦਾ ਸੰਕਟ ਹੈ।

ਪੰਜਾਬ ਦਾ ਅਜੋਕਾ ਇਤਿਹਾਸ ਬਹੁਤ ਹੱਦ ਤੱਕ ਸਿੱਖ-ਲਹਿਰਾਂ ਦਾ ਇਤਿਹਾਸ ਹੋ ਨਿਬੜਿਆ ਹੈ। ਖੱਬੀਆਂ ਗੈਰ-ਫਿਰਕੂ ਸਿਆਸੀ ਪਾਰਟੀਆਂ ਦੀ ਫੁੱਟ ਅਤੇ ਬੇਅਮਲ ਸਿਥਲਤਾ ਨੇ ਇਹ ਗੱਲ ਹੋਰ ਵੀ ਸੱਚੀ ਕਰ ਦਿੱਤੀ ਹੈ।

ਗੁਰਦੁਆਰਾ ਲਹਿਰ ਦੀਆਂ ਜਿੱਤਾਂ ਨੂੰ ਵਰਤ ਕੇ ਜਿੰਨ੍ਹਾਂ ਸਰਕਾਰ ਪ੍ਰਸਤ ਜਾਗੀਰਦਾਰ ਟੱਬਰਾਂ ਨੇ 'ਸਰ', ਰਾਏ ਸਾਹਿਬ ਤੇ '[illegible]ਦਾਰ ਬਹਾਦਰ' ਦੇ ਖਿਤਾਬ ਝੋਲੀਆਂ ਅੱਡ ਕੇ ਪੁਆਏ ਅਤੇ ਵਜ਼ੀਰੀਆਂ ਲਈਆਂ ਸਨ; ਉਹ ਅੰਗਰੇਜ਼ੀ ਸਰਕਾਰ ਦੇ ਭਾਰਤ ਛੱਡਦੇ ਸਾਰ ਰਾਤੋ ਰਾਤ ਕਾਂਗਰਸੀ ਬਣ ਗਏ। ਇਸ ਲਈ ਵਜ਼ੀਰੀਆਂ ਫਿਰ ਉਨ੍ਹਾਂ ਟੱਬਰਾਂ ਦੇ ਹੱਥ ਰਹੀਆਂ। ਅੱਜ ਵੀ ਅਕਾਲੀ ਅਤੇ ਕਾਂਗਰਸੀ ਲੀਡਰਾਂ ਵਿੱਚ ਉਨ੍ਹਾਂ ਟੱਬਰਾਂ ਦਾ ਹੀ ਨਾਂ ਬੋਲਦਾ ਹੈ।

'ਧਰਮ ਖਤਰੇ ਵਿੱਚ' ਦਾ ਨਾਅਰਾ ਮੌਕਾ-ਤਾੜੂ ਮੋਹਰੀਆਂ ਲਈ ਬੜਾ ਕੰਮ ਆਉਣ ਵਾਲਾ ਸਦਾ-ਬਹਾਰ ਹਥਿਆਰ ਹੈ। ਪੰਜਾਬ ਵਿੱਚ ਇਹ ਨਾਅਰਾ ਲਾ ਕੇ ਅਕਾਲੀ ਪਾਰਟੀ ਨੇ ਕਈ ਵਾਰ ਵਜ਼ੀਰੀਆਂ ਅਤੇ ਸਪੀਕਰੀ ਲੈਣ ਲਈ ਸਿਆਸੀ-ਸਮਝੌਤੇ ਕੀਤੇ; ਕਦੀ ਉਹ ਕਾਂਗਰਸੀ ਬਣੇ, ਕਦੇ ਮੁੜ ਕੇ ਅਕਾਲੀ - ਪਰ ਲੋਕਾਂ ਦੇ ਹਿਤਾਂ ਦਾ ਪਰਨਾਲਾ ਉਥੇ ਦਾ ਉਥੇ ਹੀ ਰਿਹਾ। ਜਦੋਂ ਕਦੇ ਵੀ ਅਕਾਲੀ ਤਾਕਤ ਵਿੱਚ ਆਏ, ਉਹ ਵੀ, ਕਾਂਗਰਸੀਆਂ ਵਾਂਗ, ਆਪਣੇ ਨਿੱਜੀ, ਜਮਾਤ ਜਾਂ ਟੱਬਰਾਂ ਦੇ ਹਿਤ ਹੀ ਪਾਲਦੇ ਰਹੇ। ਯਾਦ ਕਰੋ ਸਾਂਝੇ ਫਰੰਟ ਦੀ ਗੁਰਨਾਮ ਸਿੰਘ ਵਜ਼ਾਰਤ ਕੀਹਨੇ ਤੋੜੀ ਸੀ? ਉਹ ਦਲ-ਬਦਲੂ ਅੱਜ ਵੀ ਸਿੱਖ-ਕੌਮ ਦੇ ਆਪੇ ਸਜੇ ਮਹਾਂ-ਰਥੀ ਹਨ। ਅਕਾਲੀ ਵਾਰਤਾ ਕਮੇਟੀ ਵਿੱਚ ਸ਼ਾਮਿਲ ਇੱਕ ਤਾਜ਼ਾ ਬਣਿਆ ਕਰੋੜਪਤੀ ਅਰਬਪਤੀ ਬਣਨ ਲਈ ਐਨ ਘੱਲੂਘਾਰੇ ਦੇ ਇਹਨੀਂ ਦਿਨੀਂ ਹੀ ਇੰਦਰਾ ਸਰਕਾਰ ਦੀ ਭਰਪੂਰ ਸਹਾਇਤਾ ਨਾਲ ਕਾਰਖਾਨਾ ਲਾ ਰਿਹਾ ਹੈ। ਕੋਈ ਹੋਰ ਆਪਣੇ ਵਿਰੁੱਧ ਬਣ-ਸਕਦੇ ਸਮਗਲਿੰਗ ਦੇ ਕੇਸਾਂ ਤੋਂ ਬਚਣ ਲਈ ਫੁੱਟ-ਪਾਊ ਸਰਕਾਰੀ ਸੂਹੀਏ ਦਾ ਕੰਮ ਕਰਦਾ ਹੈ ਪਰ ਨਾਹਰੇ ਬਹੁਤ ਹੀ ਗਰਮ ਦਿੰਦਾ ਹੈ। ਇੱਕ ਹੋਰ ਪੰਜਾਬ ਵਿੱਚ ਆਪਣੀ ਚੀਫ ਮਨਿਸਟਰੀ ਪੱਕੀ ਕਰਨ ਲਈ ਸਮਝੌਤਾ ਵਾਰਤਾ ਨੂੰ ਆਪਣੀ ਲੋੜ ਲਈ ਲਮਕਾਉਂਦਾ ਸੀ; ਉਹ ਸਿਆਸੀ ਸਲਾਹਾਂ ਕਾਮਰੇਡ-ਮਿੱਤਰ ਤੋਂ ਲੈਂਦਾ ਸੀ, ਨੇੜਲੇ ਗੁਪਤ ਸੰਬੰਧ ਸੰਤ ਭਿੰਡਰਾਂ ਵਾਲੇ ਨਾਲ ਰੱਖਦਾ ਸੀ ਅਤੇ ਗ੍ਰਿਫਤਾਰੀ ਸੰਤ ਲੌਂਗੋਵਾਲ ਨਾਲ ਦਿੰਦਾ ਹੈ। ਕੋਈ ਹੋਰ ਆਪਣੀ ਗੈਰ ਕਾਨੂੰਨੀ ਤੌਰ ਉਤੇ ਰੱਖੀ ਵਾਧੂ-ਜ਼ਮੀਨ ਦੀ ਮਾਲਕੀ ਦਾ ਬਚਾਅ ਕਰਦਾ ਰਹਿੰਦਾ ਹੈ। ਅਜਿਹੇ ਮਿੱਤਰਾਂ ਦੇ ਹੁੰਦੇ ਕੋਈ ਇੱਕ ਦੁਕਾ ਈਮਾਨਦਾਰ ਮੋਹਰੀ ਨੇਤਾ ਗੁੱਠੇ ਲੱਗ ਕੇ ਮਸਾਂ ਆਪਣੀ ਪੱਗ ਹੀ ਬਚਾ ਸਕਦਾ ਹੈ ਅਜੇਹੀ ਲੀਰੋ-ਲੀਰ ਹੋਈ ਅਕਾਲੀ ਲੀਡਰਸ਼ਿਪ ਸਦਕਾ ਹੀ ਕੇਂਦਰੀ ਸਰਕਾਰ ਨੂੰ ਇਹ ਹਿੰਮਤ ਪਈ ਕਿ ਹਰਿਮੰਦਰ ਸਾਹਿਬ ਉੱਤੇ ਫੌਜੀ ਹਮਲਾ ਕਰਕੇ ਅਕਾਲ ਤਖਤ ਢਾਹ ਦੇਵੇ ਅਤੇ ਪੰਜਾਬ ਵਿੱਚ ਫੌਜੀ ਦਮਨ ਦਾ ਚੱਕਰ ਲੰਮੇ ਸਮੇਂ ਲਈ ਚਲਾਵੇ।

ਇਹ ਗੱਲ ਕੋਈ ਭੇਤ ਨਹੀਂ ਕਿ ਸੰਤ ਭਿੰਡਰਾਂ ਵਾਲਾ ਨੂੰ ਅਰੰਭ ਵਿੱਚ ਸਿਆਸੀ ਮੰਚ ਉਤੇ ਲਿਆਉਣ ਵਾਲੀ ਧਿਰ ਕਾਂਗਰਸ ਦਾ ਗਿਆਨੀ-ਧੜਾ ਸੀ। ਨਰਮ-ਖਿਆਲੀ ਅਕਾਲੀ ਲੀਡਰਸ਼ਿਪ ਦੀ ਸ਼ਾਖ ਲੋਕਾਂ ਵਿੱਚ ਘਟਾਣ ਲਈ ਇੰਦਰਾ-ਕਾਂਗਰਸ ਨੇ ਭਿੰਡਰਾਂਵਾਲਾ ਨੂੰ ਸਿਲਸਿਲੇਵਾਰ, ਵਿਉਂਤ ਨਾਲ ਉਭਾਰਿਆ ਅਤੇ ਹਰ ਕਿਸਮ ਦੀ ਮੱਦਦ ਦੇ ਕੇ ਹੌਲੀ ਹੌਲੀ ਅੱਗੇ ਲਿਆਂਦਾ।

ਅੱਜ ਲੋੜ ਹੈ ਕਿ ਪੰਜਾਬ ਦੇ ਲੋਕ, ਖਾਸ ਕਰ ਸਿੱਖ ਭਾਈਚਾਰਾ, ਆਪਣੇ ਲੀਡਰਾਂ ਦੇ ਖਾਸੇ ਅਤੇ ਇਤਿਹਾਸ, ਕਹਿਣੀ ਅਤੇ ਕਰਨੀ ਦੇ ਸੁਮੇਲ ਜਾਂ ਫਰਕ ਉਤੇ ਘੋਖਵੀਂ ਨਜ਼ਰ ਮਾਰੇ। ਹਰ ਪੱਖ ਦੇ ਵਿਚਾਰ ਸੁਣੇ। ਠੰਡੇ ਦਿਲ ਅਤੇ ਈਮਾਨਦਾਰੀ ਨਾਲ ਸੋਚ ਕੇ ਭਵਿੱਖ ਲਈ ਫੈਸਲੇ ਲਵੇ। ਆਪਣੇ ਮਨ-ਪਸੰਦ ਲੀਡਰ ਦੇ ਨੁਕਸਾਂ ਬਾਰੇ ਵਿਰੋਧੀ-ਵਿਚਾਰ ਸੁਣ ਕੇ ਨੁਕਤਾਚੀਨ ਉਤੇ ਗੁੱਸੇ ਹੋਣ ਦੀ ਥਾਂ ਉਸ ਦਾ ਧੰਨਵਾਦ ਕਰੇ। ਜੇ ਮਨ ਕਰੇ ਤਾਂ ਆਪਣੇ ਲੀਡਰ ਨਾਲ ਗੁੱਸੇ ਹੋਵੇ। ਇਹੀ ਗੱਲ ਹਿੰਦੂ ਭਾਈਚਾਰੇ ਨੂੰ ਆਪਣੇ ਹਰ ਰੰਗ ਦੇ ਲੀਡਰਾਂ ਬਾਰੇ ਕਰਨੀ ਚਾਹੀਦੀ ਹੈ। ਆਰੀਆ ਸਮਾਜੀ, ਫਿਰਕਾ ਪ੍ਰਸਤ ਲੀਡਰ ਉਨ੍ਹਾਂ ਨੂੰ ਆਪਣੀ ਮਾਂ-ਬੋਲੀ ਬਾਰੇ ਝੂਠ ਬੋਲਣ ਦੇ ਕੁਰਾਹ ਪਾ ਕੇ ਪੰਜਾਬ ਦੀ ਕੁਦਰਤੀ ਹੋਣੀ ਨਾਲ ਗੱਦਾਰੀ ਦਾ ਪਾਪ ਲਗਾਤਾਰ ਕਰਦੇ ਆ ਰਹੇ ਹਨ।

ਸੰਤ ਭਿੰਡਰਾਂਵਾਲਾ ਦੀ 'ਚਮਤਕਾਰੀ ਮਕਬੂਲੀਅਤ' ਦੇ ਕਾਰਨ

1. ਪਿਛਲੀ ਅੱਧੀ ਸਦੀ ਵਿੱਚ ਅਕਾਲੀਆਂ ਅਤੇ ਕਾਂਗਰਸ ਜਾਂ ਜਨਸੰਘ ਵਿਚਕਾਰ, ਵਜ਼ਾਰਤੀ-ਕੁਰਸੀਆਂ ਲਈ, ਹੋਏ ਬੇਅਸੂਲ ਸਮਝੌਤਿਆਂ ਦੇ ਇਤਿਹਾਸ ਦੀ ਸੰਤ ਭਿੰਡਰਾਂਵਾਲਾ ਵੱਲੋਂ ਨਿਖੇਧੀ ਅਤੇ ਅਜੇਹੀ ਨੀਤੀ ਦੇ ਵਿਰੁੱਧ ਸਪੱਸ਼ਟ ਸਟੈਂਡ।
2. ਪੰਜਾਬ ਦੀ ਕੁਰਪੱਟ, ਧੱਕੜ ਤੇ ਅਤਿਆਚਾਰੀ ਪੁਲਿਸ ਵਿਰੁੱਧ ਅਸੰਤੁਸ਼ਟ ਗੁੱਸੇ ਵਾਲੇ ਨੌਜਵਾਨਾਂ ਦੇ ਵੱਖ ਵੱਖ ਧੜਿਆਂ ਨੂੰ ਇਕ ਮੰਚ ਉਤੇ ਲਿਆਉਣਾ ਅਤੇ ਗੁੱਸੇ ਦੇ ਨਿਕਾਸ ਲਈ ਲੋੜੀਂਦੇ ਹਾਲਾਤ ਮੁਹੱਈਆ ਕਰਨੇ।
3. ਹੌਲੀ ਹੌਲੀ ਆਪਣੀ ਹਸਤੀ ਨੂੰ ਅੱਗੇ ਲਿਆਉਣਾ ਅਤੇ ਹਰਿਮੰਦਰ ਸਾਹਿਬ ਕੰਪਲੈਕਸ ਨੂੰ ਪੂਰੀ ਤਰ੍ਹਾਂ ਆਪਣੀ ਜਕੜ ਵਿੱਚ ਲੈ ਲੈਣਾ ਅਤੇ ਆਪਣੀ ਲਹਿਰ ਦੇ ਜੱਥੇਬੰਦਕ ਮੰਤਵਾਂ ਲਈ ਉਸ ਦੀ ਵਰਤੋਂ ਕਰਨੀ।
4. ਦੇਸ਼ ਬਿਦੇਸ਼ ਦੇ ਸੰਚਾਰ ਅਦਾਰਿਆ: ਅਖਬਾਰਾਂ, ਟੀ. ਵੀ. ਰੇਡੀਓ ਆਦਿ ਦੀ ਕਾਮਯਾਬ ਵਰਤੋਂ ਕਰਨੀ।
5. ਲੋਕ-ਪੱਧਰ ਦੀ ਜ਼ੋਰਦਾਰ, ਸਪੱਸ਼ਟ ਬੋਲੀ ਦੀ ਵਰਤੋਂ।

ਸੰਤ ਭਿੰਡਰਾਵਾਲਾ ਦੇ ਅਖੀਰਲੇ ਦੁਖਾਂਤ ਦੇ ਕਾਰਨ

1. ਸ੍ਰੀ ਮਤੀ ਇੰਦਰਾ ਗਾਂਧੀ ਨੂੰ 'ਬੇਅਸੂਲ ਜਾਂ ਬੇਇਨਸਾਫ-ਹਾਕਮ' ਦੀ ਥਾਂ 'ਹਿੰਦੂ ਹਾਕਮ' ਸਮਝਣਾ ਅਤੇ ਗਰਦਾਨਣਾ।
2. ਸਮੁੱਚੇ ਹਿੰਦੂ-ਭਾਈਚਾਰੇ ਵਿਰੁੱਧ ਲਗਾਤਾਰ ਤਲਖ ਗੱਲਾਂ ਕਹਿਣੀਆਂ ਅਤੇ ਉਨ੍ਹਾਂ ਨੂੰ ਹਜ਼ਾਰਾਂ ਕਤਲਾਂ ਦੀਆਂ ਖੁਲ੍ਹੀਆਂ ਧਮਕੀਆਂ ਦੇਣੀਆਂ।
3. ਆਪਣੀ ਛਤਰਛਾਇਆ ਹੇਠਲੇ ਲੋਕਾਂ ਨੂੰ ਅਣਸਮਾਜਿਕ ਅਨਸਰ ਤੋਂ ਪਾਕ ਰੱਖਣ ਲਈ ਨਾਕਾਮਯਾਬੀ। ਉਨ੍ਹਾਂ ਦੀਆਂ ਗਲਤ ਸਰਗਰਮੀਆਂ ਨੂੰ ਰੋਕ ਨਾ ਸਕਣਾ ਅਤੇ ਉਨ੍ਹਾਂ ਬਾਰੇ ਚੁੱਪ ਰਹਿਣਾ।
4. ਆਨੰਦਪੁਰ ਸਾਹਿਬ ਦੇ ਮਤੇ ਤੋਂ ਘੱਟ ਕਿਸੇ ਵੀ ਸਮਝੌਤੇ ਦਾ ਦੋ-ਟੁੱਕ ਵਿਰੋਧ। ਸਿਆਸਤ ਵਿੱਚ ਆਂਸ਼ਕ-ਜਿੱਤ ਦੇ ਢੰਗ ਨੂੰ ਉਕਾ ਹੀ ਰੱਦ ਕਰਨਾ। ਬੜੀ ਵਾਰੀ ਅੱਧੀ ਜਿੱਤ ਹਾਸਲ ਕਰਕੇ ਬਾਕੀ ਅੱਧੀ ਲਈ ਲੜਾਈ ਜਾਰੀ ਰੱਖਣੀ ਪੈਂਦੀ ਹੈ।
5. ਅੱਜ ਦੇ ਭਾਰਤ ਦੀ ਸਰਕਾਰੀ-ਸ਼ਕਤੀ ਦੇ ਵਿਸਤਾਰ ਅਤੇ ਲੱਛਣਾ ਬਾਰੇ ਅਣਜਾਣਤਾ ਅਤੇ ਉਸ ਨੂੰ ਘਟਾ ਕੇ ਦੇਖਣ ਦਾ ਜਜ਼ਬਾਤੀ ਸੁਭਾਅ।
6. ਆਪਣੀ ਹਥਿਆਰਬੰਦ ਸ਼ਕਤੀ ਬਾਰੇ ਬੇਦਲੀਲ ਅਤੇ ਅਣਯਥਾਰਥਕ ਭਰੋਸਾ ਅਤੇ ਬੇਲੋੜੇ ਦਮਗਜੇ।
7. ਆਪਣੀ ਕਹਿਣੀ ਅਤੇ ਆਪਣੇ ਪੈਰੋਕਾਰਾਂ ਦੀ ਕਰਨੀ ਦੇ ਪ੍ਰਤਿਕਰਮਾਂ ਬਾਰੇ ਗਲਤ ਫੈਸਲੇ।
8. ਆਪਣੀ ਕਹਿਣੀ ਅਤੇ ਕਰਨੀ ਨਾਲ ਅਮਲੀ ਤੌਰ ਉਤੇ ਕੇਂਦਰੀ-ਸਰਕਾਰ ਦੇ ਹੱਥਾਂ ਵਿੱਚ ਖੇਡਣ ਤੋਂ ਬਚਣ ਵਿੱਚ ਨਾਕਾਮਯਾਬੀ। ਹਿੰਦੂ-ਵਿਰੋਧੀ ਪਰਚਾਰ ਨਾਲ ਸਾਰੀ ਹਿੰਦੂ ਵੋਟ ਕਾਂਗਰਸ (ਇ) ਦੀ ਝੋਲੀ ਵਿੱਚ ਚਲੀ ਗਈ; ਕਾਂਗਰਸ ਨੂੰ ਹੋਰ ਕੀ ਚਾਹੀਦਾ ਹੈ?
9. ਆਪਣੇ ਵੱਲੋਂ ਸਹੀ ਇਹ ਮਿਥ ਲੈਣਾ ਕਿ ਪੁਲਿਸ ਜਾਂ ਫੌਜ ਕਦੇ ਵੀ ਹਰਿਮੰਦਰ ਸਾਹਿਬ ਵਿੱਚ ਦਾਖਿਲ ਨਹੀਂ ਹੋਵੇਗੀ।
10. ਦਹਿਸ਼ਤ-ਪਸੰਦੀ ਅਤੇ ਇੱਕ-ਦੁੱਕਾ ਕਤਲਾਂ ਸਹਾਰੇ ਸਰਕਾਰੀ - ਅਤਿਆਚਾਰ ਅਤੇ ਕੁਰੱਪਸ਼ਨ ਖਤਮ ਕਰਨ ਦਾ ਬੇਦਲੀਲ ਭਰੋਸਾ।
11. ਵਿਰੋਧੀ ਵਿਚਾਰਾਂ ਜਾਂ ਵੱਖਰੇ ਵਿਚਾਰਾਂ ਵਾਲੇ ਹਰ ਇੱਕ ਬੰਦੇ ਨੂੰ ਆਪਣਾ ਵੈਰੀ ਸਮਝਣਾ ਅਤੇ 'ਹਿੱਟ ਲਿਸਟ' ਵਿੱਚ ਸ਼ਾਮਲ ਕਰ ਲੈਣਾ। ਸਿਆਣਾ

(ਬਾਕੀ ਪੰਨਾ 5 ਤੇ)

(ਪੰਨਾ 4 ਦੀ ਬਾਕੀ)

ਜਰਨੈਲ ਕੋਸ਼ਿਸ਼ ਕਰਦਾ ਹੈ ਇੱਕ ਸਮੇਂ ਇੱਕੋ ਫਰੰਟ ਉਤੇ ਇੱਕੋ ਵੈਰੀ ਨਾਲ ਲੜਾਈ ਲੜੀ ਅਤੇ ਜਿੱਤੀ ਜਾਵੇ, ਨਾ ਕਿ ਖਿਡਾਰਾ ਪਾ ਕੇ ਹਰ ਮੈਦਾਨ ਵਿੱਚ ਹਾਰ ਖਾਧੀ ਜਾਵੇ।

12. ਸ਼ਰੇਆਮ ਹਿੱਟ ਲਿਸਟ ਦੀ ਫਖਰੀਆ ਪ੍ਰਦਰਸ਼ਨੀ ਅਤੇ ਕਤਲਾਂ ਦੇ ਅਸਲੀ ਪ੍ਰਤੀਕਰਮ ਨੂੰ ਨਾ ਸਮਝਣਾ ਅਤੇ ਆਮ ਲੋਕਾਂ ਵਿੱਚ ਡਰ ਦਾ ਇੱਕ ਮਾਹੌਲ ਪੈਦਾ ਕਰ ਦੇਣਾ। ਇਸ ਡਰ ਨੇ ਸਰਕਾਰੀ ਦਮਨ ਅਤੇ ਫੌਜੀ ਦਖਲ-ਅੰਦਾਜ਼ੀ ਲਈ ਬਹਾਨਾ ਅਤੇ ਆਧਾਰ ਦਿੱਤਾ ਹੈ।

13. ਆਪਣੀ ਸੰਪਰਦਾ ਤੋਂ ਬਿਨਾਂ ਹੋਰ ਅਨੇਕਾਂ ਸਿੱਖ-ਸੰਪਰਦਾਵਾਂ ਦੀ ਸਿੱਧੀ ਨਿਖੇਧੀ ਅਤੇ ਉਨ੍ਹਾਂ ਨਾਲ ਸ਼ਰੇਆਮ ਵੈਰ ਦੀ ਭਾਵਨਾ ਦਾ ਪ੍ਰਗਟਾਵਾ।

ਨਰਮ-ਦਲੀ ਅਕਾਲੀ ਨੇਤਾਵਾਂ ਦਾ ਖਾਸਾ ਅਤੇ ਇਤਿਹਾਸ

1. ਇਨ੍ਹਾਂ ਨੇਤਾਵਾਂ 'ਚੋਂ ਹਰ ਕਿਸੇ ਦੇ ਆਪਦੇ ਨਿੱਜੀ ਹਿਤ ਹਨ ਜਿਨ੍ਹਾਂ ਨੂੰ ਸਾਂਝੇ-ਹਿਤ ਲਈ ਕੁਰਬਾਨ ਕਰਨ ਨੂੰ ਉਹ ਸੌਖਿਆਂ ਤਿਆਰ ਨਹੀਂ ਹੁੰਦਾ।

2. ਇਨ੍ਹਾਂ ਦੀ ਸੋਚ ਦਾ ਕੋਈ ਸਾਂਝਾ ਵਿਚਾਰਧਾਰਕ ਜਾਂ ਜਮਾਤੀ, ਆਧਾਰ ਨਹੀਂ ਹੈ। ਸਿਰਫ ਵਜ਼ਾਰਤੀ ਕੁਰਸੀ ਹਾਸਲ ਕਰਾਣ ਦੀ ਹੀ ਸਾਂਝ ਹੈ। ਬਹੁਤੀ ਤਾਕਤ ਹਥਿਆਉਣ ਲਈ ਆਪਸੀ ਲਾਗ ਡਾਟ ਦੀ ਇਕ ਭਾਵਨਾ ਵੀ ਇਸ ਸਾਂਝੇ . ਦੇ ਬਰਾਬਰ ਤੁਰਦੀ ਰਹਿੰਦੀ ਹੈ। ਜਿਸ ਕਾਰਨ ਲੀਡਰਾਂ ਦੀਆਂ ਗੱਦਾਰੀਆਂ ਦੀ ਲੜੀ ਵੀ ਅਕਾਲੀ ਪਾਰਟੀ ਦੇ ਇਤਿਹਾਸ ਜਿੰਨੀਂ ਹੀ ਲੰਮੀ ਹੈ। ਸਾਧਾਰਨ, ਈਮਾਨਦਾਰ ਲੋਕਾਂ ਦੀਆਂ ਬਹੁਮੁੱਲੀਆਂ ਅਤੇ ਸੁੱਚੀਆਂ ਕੁਰਬਾਨੀਆਂ ਨਾਲ ਹਾਸਲ ਕੀਤੀ ਤਾਕਤ ਕੁਝ ਗੱਦਾਰਾਂ ਦੇ ਵਜ਼ੀਰੀ ਦੇ ਲਾਲਚ ਕਰਕੇ ਹੀ ਖੁਸ ਜਾਂਦੀ ਹੈ। ਵਕਤ ਲੰਘਣ ਨਾਲ 'ਗ਼ੱਦਾਰ' ਫਿਜ 'ਪੰਥ-ਰਤਨ' ਬਣ ਕੇ ਰਹਿ ਜਾਂਦੇ ਹਨ।

3. ਅੱਜ ਦੇ ਨਰਮ-ਦਲੀਏ ਅਕਾਲੀ ਲੀਡਰਾਂ ਵਿਚ ਉਹ ਲੋਕ ਵੀ ਸ਼ਾਮਿਲ ਹਨ ਜਿੰਨ੍ਹਾਂ ਦੇ ਹੱਥ ਕਾਂਗਰਸੀ ਲੀਡਰਾਂ ਵਾਂਗ ਹੀ ਨਕਸਲੀਆਂ ਅਤੇ ਹੱਕ ਸੱਚ ਲਈ ਲੜਨ ਵਾਲੇ ਹੋਰ ਲੋਕਾਂ ਦੇ ਲਹੂ ਨਾਲ ਰੰਗੇ ਹੋਏ ਹਨ; ਫਿਰ ਇਨ੍ਹਾਂ ਦੋਹਾਂ ਪਾਰਟੀਆਂ ਦਾ ਫਰਕ ਕੀ ਹੈ ?

4. ਅਕਾਲੀ ਪਾਰਟੀ ਨੇ ਪੰਜਾਬੀ ਬੋਲੀ ਦੀ ਦੁਹਾਈ ਦੇ ਕੇ ਕਈ ਵਾਰ ਤਾਕਤ ਹਾਸਲ ਕੀਤੀ ਹੈ ; ਪਰ ਵਜ਼ੀਰੀ ਦੀ ਕੁਰਸੀ ਮਿਲਦਿਆਂ ਹੀ ਆਪਣੀ ਦੁਹਾਈ ਕਦੇ ਚੇਤੇ ਨਹੀਂ ਰੱਖੀ। ਅਜੇ ਤੱਕ ਵੀ ਅਮਲੀ ਤੌਰ ਉਤੇ ਪੰਜਾਬੀ ਰਾਜ-ਪੱਧਰ ਉਤੇ ਪੂਰੀ ਤਰ੍ਹਾਂ ਲਾਗੂ ਨਹੀਂ ਕੀਤੀ ਗਈ। ਗੁਰਨਾਮ ਸਿੰਘ ਵਜ਼ਾਰਤ ਨੇ ਜਨ ਸੰਘ ਦੇ ਬੇਅਸੂਲ ਪੰਜਾਬੀ ਵਿਰੋਧ ਕਰਕੇ ਅਤੇ ਕਾਂਗਰਸੀਆਂ ਨੇ ਸ਼ਾਇਦ ਅਫਸਰ ਸ਼ਾਹੀ ਦੇ ਦਬਾਅ ਹੇਠ ਜਾਂ ਵਚਨ-ਬੰਧਨ ਦੀ ਅਣਹੋਂਦ ਕਰਕੇ। ਸਿਰਫ ਲਛਮਣ ਸਿੰਘ ਗਿੱਲ ਵਜ਼ਾਰਤ ਵੇਲੇ ਕੁਝ ਉਪਰਾਲਾ ਕੀਤਾ ਗਿਆ, ਪਰ ਰਤਾ ਹੋਰ ਸਮਾਂ ਲੰਘਣ ਉਤੇ ਜਦੋਂ ਵਜ਼ੀਰ ਮਾਇਆ-ਇਕੱਠੀ ਕਰਨ ਦੇ ਆਪਣੇ ਆਦੀ ਸ਼ੁਗਲ ਵਿਚ ਰੁੱਝ ਗਏ ਤਾਂ ਅਫਸਰ ਸ਼ਾਹੀ ਨੇ ਮੁੜ ਅੰਗਰੇਜ਼ੀ ਦੀ ਵਰਤੋਂ ਹੀ ਚਾਲੂ ਕਰ ਲਈ।

5. ਕਾਂਗਰਸੀਆਂ ਵਾਂਗ ਹੀ ਮੋਹਰੀ ਅਕਾਲੀ-ਲੀਡਰਾਂ ਚੋਂ ਅਮੀਰਾਂ ਦੇ ਬੱਚੇ ਸਨਾਵਰ, ਮਸੂਰੀ, ਦੇਹਰਾਦੂਨ ਵਰਗੇ ਅੰਗਰੇਜ਼ੀ ਮਾਧਿਅਮ ਵਾਲੇ ਮਹਿੰਗੇ ਪਬਲਿਕ ਸਕੂਲਾਂ ਵਿਚ ਹੀ ਪੜ੍ਹਦੇ ਹਨ। ਸਾਧਾਰਨ ਸਕੂਲ ਉਨ੍ਹਾਂ ਦੇ ਮੇਚ ਨਹੀਂ ਆਉਂਦੇ। ਇਸ ਲਈ ਇਨ੍ਹਾਂ ਬੱਚਿਆਂ 'ਚੋਂ ਸ਼ਾਇਦ ਹੀ ਕੋਈ ਪੰਜਾਬੀ ਪੜ੍ਹ ਸਕਦਾ ਹੋਵੇ ਜਾਂ ਪੰਜਾਬੀ ਸਾਹਿਤ ਬਾਰੇ ਕੁਝ ਜਾਣਦਾ ਹੋਵੇ। ਸੋ ਉਨ੍ਹਾਂ ਨੂੰ ਪੰਜਾਬੀ ਨਾਲੋਂ ਕੁਦਰਤੀ ਤੌਰ ਉਤੇ ਅੰਗਰੇਜ਼ੀ ਨਾਲ ਵਧੇਰੇ ਮੋਹ ਹੈ। ਕਦੇ ਉਹਨਾਂ ਬੱਚਿਆਂ ਵਿਚ ਬੈਠ ਕੇ ਦੇਖੋ, ਸਾਰੇ ਅੰਗਰੇਜ਼ੀ ਵਿੱਚ ਹੀ ਗੱਲਬਾਤ ਕਰਨਗੇ। ਅਸਲ ਵਿਚ ਏਸ ਪੜ੍ਹਾਈ ਨਾਲ ਉਹ ਬੱਚੇ ਰਾਜ-ਸੱਤਾ ਹਥਿਆਉਣ ਲਈ ਸਹੀ ਅਤੇ ਕਾਮਯਾਬ ਵਿਅਕਤੀ ਬਣਦੇ ਹਨ ਅਕਾਲੀ ਲੀਫਰਾਂ ਨੂੰ ਵੀ ਅਸਲ ਵਿਚ ਅਜੇਹੀ ਸੱਤਾ-ਵਾਨ ਬਣਨ ਜੋਗੀ ਔਲਾਦ ਦੀ ਹੀ ਇੱਛਾ ਅਤੇ ਲੋੜ ਹੈ, ਮਾਂ-ਬੋਲੀ ਪੰਜਾਬੀ ਦੇ ਸਪੂਤਾਂ ਦੀ ਨਹੀਂ। **ਕਹਿਣੀ ਅਤੇ ਕਰਨੀ ਦਾ ਇਹ ਫਰਕ ਹੀ ਸਾਰੇ ਸੰਕਟ ਦੀ ਜੜ੍ਹ ਹੈ।**

6. ਪੂਰਬੀ ਪੰਜਾਬ ਦੀ ਨਵੀਂ ਵੰਡ ਮੰਗਣ ਵੇਲੇ ਅਕਾਲੀ-ਲੀਡਰਾਂ ਨੂੰ ਸਿਰਫ ਵਜ਼ਾਰਤੀ-ਕੁਰਸੀਆਂ ਹੀ ਦਿਸਦੀਆਂ ਸਨ। ਕਾਸ਼। ਇਸ ਵੰਡ ਦੇ ਹੋਰ ਭਿਆਨਕ ਨਤੀਜੇ ਕਿਆਸਣ ਜੋਗੀ ਈਮਾਨਦਾਰੀ, ਸਿਆਣਪ ਅਤੇ ਤਿੱਖੀ ਨਜ਼ਰ ਉਨ੍ਹਾਂ ਕੋਲ ਹੁੰਦੀ।

ਪੰਜਾਬ ਜੇਹਲਮ ਤੋਂ ਜਮਨਾ ਤੱਕ ਫੈਲਿਆ ਹੋਇਆ ਹੁੰਦਾ ਸੀ, ਤਾਂ ਹੀ 'ਪੰਜ-ਆਬ' ਸੀ। ਹਿੰਦੁਸਤਾਨ ਦੀ ਵੰਡ ਨੇ ਢਾਈ-ਆਬ ਬਣਾ ਦਿਤਾ ; ਉਨ੍ਹਾਂ ਢਾਈ ਦਰਿਆਵਾਂ ਦੀ ਕੁੰਜੀ ਵੀ ਅੱਜ ਕੱਲ੍ਹ ਦਿੱਲੀ ਕੋਲ ਹੈ। ਪੂਰਬੀ ਪੰਜਾਬ ਵਿਚ ਸੰਨ 1966 ਤੱਕ ਦੇ ਸਮੇਂ ਪੰਜਾਬੀ ਵਾਹਗੇ ਤੋਂ ਫਰੀਦਾਬਾਦ ਤੱਕ ਬੁਨਿਆਦੀ ਸਕੂਲ ਪੱਧਰ ਉਤੇ ਪੜ੍ਹਾਈ ਜਾ ਰਹੀ ਸੀ ਅਤੇ ਪੰਜਾਬੀ ਸਭਿਆਚਾਰ ਸਹਿਜ-ਸੁਭਾਅ ਜਮਨਾ ਤੋਂ ਵੀ ਪਾਰ ਤੱਕ ਫੈਲ ਰਿਹਾ ਸੀ, ਪਰ ਕੁਰਸੀ ਦੇ ਲਾਲਚੀਆਂ ਨੇ ਪੰਜਾਬ ਦੀ ਨਵੀਂ ਵੰਡ ਕਰਕੇ ਪੰਜਾਬੀ ਅੰਮ੍ਰਿਤਸਰ ਤੋਂ ਅੰਬਾਲੇ ਵਿਚਕਾਰ ਹੀ ਕੈਦ ਕਰ ਦਿਤੀ।

ਹਰਿਆਣਾ ਕਿਸੇ ਨੇ ਨਹੀਂ ਸੀ ਮੰਗਿਆ, ਉਸ ਲਈ ਕਿਸੇ ਨੇ ਕੋਈ ਲਹਿਰ ਨਹੀਂ ਸੀ ਚਲਾਈ, ਕੋਈ ਮੋਰਚਾ ਨਹੀਂ ਸੀ ਲਾਇਆ। ਅਕਾਲੀਆਂ ਨੇ ਆਲੀ ਥਾਲੀ ਵਿਚ ਪਰੋਸ ਕੇ ਹਰਿਆਣਾ ਅਤੇ ਹਿਮਾਚਲ ਭਜਨ ਲਾਲ ਅਤੇ ਵੀਰ-ਭੱਦਰ ਸਿੰਘ ਵਰਗਿਆਂ ਨੂੰ ਦਿੱਤੇ ਹਨ ਜਿੰਨ੍ਹਾਂ ਨੂੰ ਤਿਲਗੂ ਬੋਲੀ ਪੰਜਾਬੀ ਤੋਂ ਨੇੜੇ ਅਤੇ ਪਿਆਰੀ ਲਗਦੀ ਹੈ।

ਮੈਂ ਇਕ ਅਕਾਲੀ ਨੇਤਾ ਤੋਂ ਪੁੱਛਿਆ, "ਤੁਸੀਂ ਕਾਂਗੜਾ ਕਿਉਂ ਛੱਡ ਦਿਤਾ ਸੀ ? ਇਹ ਤਾਂ ਪੰਜਾਬੀ ਬੋਲਦਾ ਇਲਾਕਾ ਸੀ।" ਜਵਾਬ ਮਿਲਿਆ, "ਉਸ ਵਿਚ ਹਿੰਦੂ ਬਹੁ ਸੰਮਤੀ ਸੀ।" ਬਿੱਲੀ ਥੈਲਿਓਂ ਬਾਹਰ ਆ ਗਈ। ਉਹ ਪੰਜਾਬੀ-ਸੂਬਾ ਨਹੀਂ "ਸਿੱਖ ਸੂਬਾ" ਬਣਾ ਰਹੇ ਸਨ। ਪਰ ਮੇਹਰਬਾਨੋ ! ਸਿਖ ਸੂਬਾ ਤੁਹਾਡੀਆਂ ਵਜ਼ਾਰਤੀ ਕੁਰਸੀਆਂ ਦੀ ਜ਼ਮਾਨਤ ਨਹੀਂ ਬਣ ਸਕਦਾ ਕਿਉਂਕਿ ਸਿੱਖ ਵਸੋਂ ਨਾ ਤਾਂ ਇਕ ਮੁੱਠ ਨਾ ਅਕਾਲੀਆਂ ਦੀ ਪਿਛਲੱਗ, ਸਿੱਖ ਅਕਾਲੀ ਵੀ ਹਨ। ਰੀਪਬਲੀਕਨ ਵੀ, ਕਾਂਗਰਸੀ ਵੀ, ਕਮਿਊਨਿਸਟ ਵੀ, ਸੋਸ਼ਲਿਸਟ ਵੀ, ਜਨਤਾ ਪਾਰਟੀਏ ਅਤੇ ਹੋਰ ਅਨੇਕਾਂ ਵਿਚਾਰਾਂ ਵਾਲੇ ਵੀ। ਅਜੇਹੀ ਵਿਚਾਰਧਾਰਕ ਰੰਗਾ-ਰੰਗੀ ਵਾਲੇ ਲੋਕਾਂ ਦੇ ਸਿਰਫ 52% ਬਹੁਗਿਣਤੀ ਵਿੱਚ ਹੁੰਦਿਆਂ ਪੰਜਾਬ ਵਿੱਚ ਅਕਾਲੀ ਹੀ ਸੱਤਾ ਵਿੱਚ ਆਉਣਗੇ, ਇਹ ਕੋਈ ਅਕਾਲੀ ਹੀ ਸੋਚ ਸਕਦਾ ਹੈ:

* ਇਸ ਸਾਦਗੀ ਪੇ ਕੁਨ ਨਾ ਮਰ ਜਾਏ, ਐ ਖੁਦਾ!

ਅਜੇਹੀ ਸਾਦਾ ਦਿਲੀ ਅਤੇ ਖਾਮ-ਖਿਆਲੀ ਵਸ ਪੂਰਬੀ-ਪੰਜਾਬ ਦੀ ਲੰਗੜੀ ਅਤੇ ਪੱਖਪਾਤੀ ਵੰਡ ਮੰਨਣ ਦਾ ਜੋ ਪਾਪ ਅਕਾਲੀਆਂ ਅਤੇ ਹੋਰ ਪਾਰਟੀਆਂ ਨਾਸੂਰ ਹੈ ਜੋ ਸਦਾ ਰਿਸਦਾ ਰਹੇਗਾ। ਅਤੇ ਜਿਸ ਦੀ ਪੀੜ ਲੋਕਾਂ ਨੂੰ ਬੇਲੋੜੇ ਤੌਰ ਉਤੇ ਸਦੀਆਂ ਤੱਕ ਸਹਿਣੀ ਪਵੇਗੀ। ਦੁਖਾਂਤ ਇਹ ਹੈ ਕਿ ਕਰਦੇ ਸੱਤਾ ਦੇ ਭੁੱਖੇ ਰਾਜਨੀਤਿਕ-ਟੋਲੇ ਹਨ ਪਰ ਭਰਦੇ ਲੱਖਾਂ ਲੋਕ ਹਨ।

7. ਸਿੱਖ ਵਸੋਂ ਦੀ ਬਹੁਗਿਣਤੀ ਬਾਰੇ ਇਹ ਸੋਚਣਾ ਕਿ ਹੁਣ ਵਾਲੇ ਪੰਜਾਬ ਵਿੱਚ ਵੀ ਸਦਾ ਰਹੇਗੀ, ਯਥਾਰਥਕ ਨਹੀਂ। ਅਨੇਕਾਂ ਸਿੱਖ ਚੰਗੇਰੀ ਜ਼ਿੰਦਗੀ ਲਈ ਰੋਜ਼ ਹੋਰ ਭਾਰਤੀ ਸੂਬਿਆਂ ਅਤੇ ਬਾਹਰਲੇ ਦੇਸ਼ਾਂ ਨੂੰ ਤੁਰਦੇ ਰਹਿੰਦੇ ਹਨ; ਕਿਹੜੇ ਅਕਾਲੀ, ਕਾਂਗਰਸੀ ਨੇਤਾ ਦੇ ਪੁੱਤਰ ਜਾਂ ਸੀ ਬਦੇਸ਼ ਨਹੀਂ ਪਹੁੰਚੇ ਹੋਏ ਜਾਂ ਬਦੇਸ਼ ਜਾਣ ਲਈ ਨਹੀਂ ਤਰਸਦੇ।' ਕਈ ਸਾਬਿਕਾ ਪੰਜਾਬੀ ਸਿਆਸਤਦਾਨ ਕੈਨੇਡਾ, ਅਮਰੀਕਾ ਜਾਂ ਇੰਗਲੈਂਡ ਬੈਠੇ 'ਮੌਜ' ਲੈ ਰਹੇ ਹਨ ਜਾਂ ਆਪਣੇ ਆਖਰੀ ਦਿਨ ਪੂਰੇ ਕਰ ਰਹੇ ਹਨ। ਬਿਹਾਰ ਦੇ ਭੁੱਖੇ, ਗਰੀਬ, ਹਿੰਦੂ ਭਈਏ ਲਈ ਅੱਜ ਪੰਜਾਬ ਹੀ ਵਿਲਾਇਤ ਹੈ। ਸੋ ਉਹ ਖੇਤ ਮਜ਼ਦੂਰ ਬਣ ਕੇ ਪੰਜਾਬ ਆਏਗਾ ਹੀ। ਪੰਜਾਬ ਦਾ ਸਿੱਖ ਕਿਸਾਨ ਆਪ ਵੀ ਬਿਹਾਰੀ-ਭਈਏ ਦੀ ਸਸਤੀ ਮਜ਼ਦੂਰੀ ਦਾ ਲੋੜਵੰਦ ਹੈ। ਸੋ 52% ਸਿੱਖ ਬਹੁ ਗਿਣਤੀ ਦੀ ਧੁੰਦ ਤਾਂ ਕੁੱਝ ਦਿਨਾਂ ਵਿੱਚ ਹੀ ਉਡ ਜਾਏਗੀ। ਫੇਰ ਕੀ ਕਰੋਗੇ?

8. ਅਕਾਲੀ ਨੇਤਾਵਾਂ ਦੇ ਪੰਜਾਬੀ-ਪਿਆਰ ਦੀ ਅਸਲੀਅਤ ਤਾਂ ਹੇਠਲੇ ਕੁੱਝ ਸਵਾਲਾਂ ਦੇ ਈਮਾਨਦਾਰ ਜਵਾਬ ਨਾਲ ਖੁਲ੍ਹ ਜਾਂਦੀ ਹੈ। ਉਹ ਦਿਲ ਉਤੇ ਹੱਥ ਰੱਖ ਕੇ ਦੱਸਣ ਕਿ ਉਹ ਆਪ ਪੰਜਾਬੀ ਸਾਹਿਤ ਬਾਕਾਇਦਗੀ ਨਾਲ ਪੜ੍ਹਦੇ ਹਨ? ਕਦੇ ਕੋਈ ਪੰਜਾਬੀ ਕਿਤਾਬ ਜਾਂ ਰਸਾਲਾ ਖਰੀਦਦੇ ਹਨ। ਉਨ੍ਹਾਂ ਦੇ ਪੰਜਾਬੀ-ਬੋਲੀ ਦੇ ਗਿਆਨ ਦਾ ਪਾਜ ਤਾਂ ਉਨ੍ਹਾਂ 'ਚੋਂ ਕਈਆਂ ਦੇ ਦਸਖਤ ਦੇਖ ਕੇ ਹੀ ਖੁਲ੍ਹ ਜਾਂਦਾ ਹੈ। ਸ਼ਾਇਦ ਹੀ ਉਹ ਮੋਹਰੀ ਪੰਜਾਬੀ ਲੇਖਕਾਂ ਜਾਂ ਰਸਾਲਿਆਂ ਦੇ ਨਾਂ ਵੀ ਜਾਣਦੇ ਹੋਣ। ਇਸ ਹਾਲਤ ਵਿੱਚ ਉਹ ਪੰਜਾਬੀ ਦਾ ਕੀ ਸੁਆਰ ਸਕਦੇ ਹਨ?

ਮੈਂ ਇਹ ਸਾਰੇ ਸਵਾਲ ਆਪਣੇ ਦ੍ਰਿਸ਼ਟੀਕੋਣ ਤੋਂ ਨਹੀਂ ਕੀਤੇ ਸਗੋਂ ਜਾਣ ਬੁੱਝ ਕੇ ਅਕਾਲੀ ਦ੍ਰਿਸ਼ਟੀਕੋਣ ਤੋਂ ਕੀਤੇ ਹਨ ਤਾਂ ਵੀ ਅਕਾਲੀ ਲੀਡਰਾਂ ਦਾ ਕਿਰਦਾਰ ਪੂਰਾ ਨਹੀਂ ਉਤਰਦਾ।

ਅਕਾਲੀ ਲੀਡਰਸ਼ਿਪ ਦੇ ਇਸ ਸੰਕਟ ਅਤੇ ਕੇਂਦਰੀ ਸਰਕਾਰ ਦੇ ਅਮਲਾਂ ਨੇ ਅੱਜ ਪੰਜਾਬ ਨੂੰ ਜਿੱਥੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ ਉਥੇ ਸਾਰੇ ਪੰਜਾਬੀਆਂ ਨੂੰ ਬਹੁਤ ਹੀ ਗੰਭੀਰ ਵਿਚਾਰ ਕਰਕੇ ਭਵਿੱਖ ਦੇ ਫੈਸਲੇ ਲੈਣ ਦੀ ਲੋੜ ਹੈ। ਜਾਪਦਾ ਹੈ ਕਿ ਪੰਜਾਬ ਵਿੱਚ ਫਿਰਕੂ ਸਿਆਸਤ ਦਾ ਕੋਈ ਭਵਿੱਖ ਨਹੀਂ। ਪੰਜਾਬੀਆਂ ਨੂੰ ਆਪਣੀਆਂ ਮੰਗਾਂ ਮਨਵਾਣ ਲਈ ਗੈਰ-ਫਿਰਕੂ, ਸੂਝਵਾਨ, ਈਮਾਨਦਾਰ ਲੋਕ-ਤਾਕਤਾਂ ਦੀ ਅਗਵਾਈ ਹੀ ਉਨ੍ਹਾਂ ਦੀ ਹੱਕੀ ਮੰਜ਼ਿਲ ਉਤੇ ਪੁਚਾ ਸਕਦੀ ਹੈ। ਕੀ ਉਹ ਤਾਕਤਾਂ ਆਪਣਾ ਇਹ ਰੋਲ ਪੂਰਾ ਕਰਨ ਲਈ ਸੰਕੀਰਣ ਸੋਚ ਛੱਡ ਕੇ ਇਕ ਮੁੱਠ ਹੋ ਸਕਣਗੀਆਂ।

ਅਕਾਲੀ-ਲੀਡਰਸ਼ਿਪ ਅਤੇ ਧਾਰਮਿਕ ਸਿੱਖ-ਜਗਤ ਵਿੱਚ ਲੰਮੇ ਸਮੇਂ ਤੋਂ ਬੁੱਧੀਮਾਨ ਲੋਕਾਂ ਦੇ ਵਿਰੁੱਧ ਬੜਾ ਸਖਤ ਪੱਖਪਾਤ ਕਾਇਮ ਹੈ, ਜਿਸ ਤੋਂ ਛੁਟਕਾਰਾ ਪਾਏ ਬਿਨਾਂ ਕੋਈ ਉਨਤੀ ਨਹੀਂ ਹੋ ਸਕਦੀ। ਅਕਾਲੀ ਲੀਡਰਾਂ ਦਾ ਮੁਕਾਬਲਾ ਸੰਸਾਰ-ਪੱਧਰ ਦੇ ਘਾਗ ਭਾਰਤੀ ਸਿਆਸਤਦਾਨਾਂ ਨਾਲ ਹੈ। ਸੋ ਸਾਦਾ ਲੋਹ ਜਾਂ ਕੱਟੜ ਸਾਧਾਂ ਸੰਤਾਂ ਦੀ ਅਗਵਾਈ ਸਿੱਖ-ਭਾਈਚਾਰੇ ਨੂੰ ਕਿਤੇ ਨਹੀਂ ਪਹੁੰਚਾ ਸਕੇਗੀ।

ਸਿੱਖ-ਧਰਮ ਇਕ ਜਗਤ-ਧਰਮ ਹੈ ਇਸ ਵਿੱਚ ਸੰਕੀਰਣ ਕੱਟੜਤਾ ਲਈ ਕੋਈ ਥਾਂ ਨਹੀਂ। ਧਰਮ ਦੇ ਖੋਜੀ ਵਿਦਵਾਨਾਂ ਨੂੰ ਸੋਚਣ ਤੇ ਲਿਖਣ ਦੀ ਪੂਰਨ-ਖੁਲ੍ਹ ਦੇਣ ਦੀ ਲੋੜ ਹੈ; ਤਾਂ ਕਿ ਹਰ ਤਰ੍ਹਾਂ ਦੇ ਵਿਚਾਰਾਂ ਦੀ ਅਮੀਰੀ 'ਚੋਂ ਵਿਰੋਧ-ਵਿਕਾਸ ਹੋ ਸਕੇ। ਅੱਜ ਪੰਜਾਬ ਨੂੰ ਆਪਣਾ ਸਾਂਝਾ ਅਫਿਰਕੂ ਵਿਰਸਾ ਮੁੜ ਖੋਜਣਾ ਪਵੇਗਾ। ਇਸ ਕਾਰਜ ਨੂੰ ਸ਼ੁਰੂ ਕਰਨ ਲਈ ਹਾਲਾਤ ਨੂੰ ਸਾਵੇਂ ਬਣਾਨ ਦੀ ਬੜੀ ਲੋੜ ਹੈ। ਇਸ ਕੰਮ ਵਿੱਚ ਹੁਣ ਮੁੱਖ ਜ਼ਿੰਮੇਵਾਰੀ ਕੇਂਦਰੀ ਸਰਕਾਰ ਦੀ ਹੈ। ਸੋ ਕੇਂਦਰੀ ਸਰਕਾਰ ਦੇ ਹੁਣ ਤੱਕ ਦੇ ਅਮਲਾਂ ਉਤੇ ਨਜ਼ਰ ਮਾਰਨੀ ਜ਼ਰੂਰੀ ਹੈ।

ਅਜੋਕਾ ਪੰਜਾਬ ਅਤੇ ਕੇਂਦਰੀ ਭਾਰਤੀ ਸ੍ਰਕਾਰ

ਪੰਜਾਬ ਦੇ ਅਜੋਕੇ ਦੁਖਾਂਤ ਦੀ ਮੁੱਖ ਜ਼ਿੰਮੇਵਾਰ ਕੇਂਦਰੀ ਸਰਕਾਰ ਹੈ। 1947 ਤੋਂ ਲੈ ਕੇ ਪੰਜਾਬ ਨਾਲ ਵਿਤਕਰੇ ਦੀ ਪੱਖਪਾਤੀ ਨੀਤੀ ਉਤੇ ਲਗਾਤਾਰ ਅਮਲ ਹੋ ਰਿਹਾ ਹੈ। ਪੰਜਾਬ ਵਿੱਚ ਕਿਸੇ ਵੀ ਵੱਡੀ - ਸਨਅਤ ਦੀ ਅਣਹੋਂਦ ਇਸੇ ਨੀਤੀ ਦੀ ਇੱਕ ਕੜੀ ਹੈ ਤਾਂ ਕਿ ਪੰਜਾਬ ਨੂੰ ਸਿਰਫ ਇੱਕ ਖੇਤੀ ਪ੍ਰਧਾਨ ਪ੍ਰਾਂਤ ਹੀ ਰੱਖਿਆ ਜਾ ਸਕੇ। ਪੰਜਾਬ ਵਿੱਚ ਛੋਟੀ ਸਨਅਤ ਦੀ ਕੁੱਝ ਉਨਤੀ ਕੇਂਦਰੀ ਸਰਕਾਰ ਦੇ ਕਾਰਨ ਨਹੀਂ ਸਗੋਂ ਉਸ ਦੇ ਬਾਵਜੂਦ, ਲੋਕਾਂ ਦੇ ਨਿੱਜੀ ਉਪਰਾਲੇ ਨਾਲ ਹੋਈ ਹੈ। ਕੇਂਦਰੀ। ਸੂਬਾਈ ਸਿਆਸਤਦਾਨਾਂ ਅਤੇ ਦਫਤਰ ਸ਼ਾਹੀ ਵੱਲੋਂ ਇਸ ਉਨਤੀ ਦੇ ਰਾਹ ਵਿੱਚ ਅਟਕਾਏ ਜਾਣ ਵਾਲੇ ਰੋੜਿਆਂ ਦਾ ਕੀ ਅੰਤ ਹੈ। ਪਹਿਲੀ ਦਰਖਾਸਤ ਤੋਂ ਲੈ ਕੇ ਮਾਲ ਬਣਾਣ, ਵੇਚਣ ਤੱਕ ਵਿਛਿਆ ਹੋਇਆ ਰਿਸ਼ਵਤ ਖੋਰੀ ਦਾ ਜਾਲ ਬੜਾ ਸੰਘਣਾ ਅਤੇ ਮਾਰੂ ਹੈ। ਜਿਸ ਨੂੰ ਕੋਈ ਸਿਆਸਤਦਾਨ ਭੁਲਿਆ ਹੋਇਆ ਨਹੀਂ ਕਿਉਂਕਿ ਉਪਰ ਤੋਂ ਥੱਲੇ ਤੱਕ ਸਭ ਨੂੰ ਹਿਸਾ ਪਹੁੰਚਦਾ ਹੈ।

ਕੇਂਦਰੀ ਸਰਕਾਰ ਦਾ ਇਹ ਪੰਜਾਬ-ਵਿਰੋਧੀ ਪੱਖਪਾਤ ਸਭ ਤੋਂ ਵੱਧ ਪੂਰਬੀ ਪੰਜਾਬ ਦੀ ਬੋਲੀ - ਆਧਾਰਿਤ ਨਵੀਂ ਵੰਡ ਵੇਲੇ ਨੰਗਾ ਹੋਇਆ ਜਦੋਂ ਚੰਡੀਗੜ੍ਹ ਅਤੇ ਹੋਰ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਰੱਖੇ ਗਏ। ਇਹ ਕਰਨ ਲਈ ਜਨ-ਗਣਨਾ ਨੇ ਬੋਲੀ-ਖਾਨੇ ਵਿਚਲੇ ਝੂਠ ਨੂੰ ਆਧਾਰ ਬਣਾ ਕੇ ਵਰਤਿਆ ਗਿਆ। ਪਾਣੀਆਂ ਦਾ ਕੰਟਰੋਲ ਆਪਣੇ ਹੱਥ ਵਿੱਚਲੇ ਝੂਠ ਨੂੰ ਆਧਾਰ ਬਣਾ ਕੇ ਵਰਤਿਆ ਗਿਆ। ਪਾਣੀਆਂ ਦਾ ਕੰਟਰੋਲ ਆਪਣੇ ਹੱਥ ਵਿੱਚ ਲੈ ਕੇ ਬਾਂਦਰ-ਵੰਡ ਦੀ ਖੇਡ ਖੇਡਣ ਲਈ ਨੀਂਹ ਰੱਖ ਲਈ ਗਈ ਅਤੇ ਪੰਜਾਬ, ਹਿਮਾਚਲ, ਹਰਿਆਣਾ ਅਤੇ ਰਾਜਿਸਥਾਨ ਦੇ ਸੀਨ ਉਤੇ ਸਦਾ ਲਈ ਸੋਹ ਦਾ ਤਕਲਾਗੱਡ ਦਿੱਤਾ ਗਿਆ।

ਪੰਜਾਬ ਵਿੱਚ ਅਕਾਲੀ ਵਜ਼ਾਰਤਾਂ ਦੇ ਸਮੇਂ ਵਿਰੋਧੀ-ਪਾਰਟੀ ਰਾਜ ਸਮਝ ਕੇ ਸਿੱਧੀ ਦੁਸ਼ਮਣੀ ਕੀਤੀ ਗਈ। ਕਾਂਗਰਸ ਵਜ਼ਾਰਤਾਂ ਸਮੇਂ ਇਹੀ ਨੀਤੀ ਜਾਰੀ ਰਹੀ ਕਿਉਂਕਿ ਕਮਜ਼ੋਰ-ਕਾਂਗਰਸੀ ਚੀਫ ਮਨਿਸਟਰ ਦੀ ਜਾਨ ਪ੍ਰਧਾਨ ਮੰਤਰੀ ਨੇ ਬੋਤਲ ਵਿੱਚ ਬੰਦ ਕਰਕੇ ਆਪਣੇ ਕੋਲ ਰੱਖੀ ਹੁੰਦੀ ਸੀ। ਸਿਰਫ ਕੈਰੋਂ-ਕਾਲ ਵਿੱਚ ਕੁੱਝ ਸਮਾਂ ਚੀਫ ਮਨਿਸਟਰ ਨੇ ਆਪਣੀ ਸਿਆਸੀ ਸਿਆਣਪ ਨਾਲ ਪੰਜਾਬ ਲਈ ਕੁੱਝ ਪ੍ਰਾਪਤੀਆਂ ਕੀਤੀਆਂ ਅਤੇ ਕੇਂਦਰ ਤੋਂ ਕੁੱਝ ਹੱਕੀ ਸਹਾਇਤਾ ਲਈ। ਹੁਣ ਤਾਂ ਇਸ ਨੀਤੀ ਨੇ ਲਹੂ ਦੇ ਦਰਿਆ ਵਗਾ ਦਿੱਤੇ ਨੇ। ਕੀ ਅਜੋਕੀ ਹਾਲਤ ਕੇਂਦਰੀ ਸਰਕਾਰ ਨੇ ਬੇ ਫੈਸਲਾ ਲਮਕਾਅ ਦੀ ਨੀਤੀ ਅਨੁਸਾਰ ਜਾਣ ਬੁੱਝ ਕੇ ਵਿਉਂਤ ਅਨੁਸਾਰ ਪੈਦਾ ਕੀਤੀ ਹੈ? ਜਾਂ ਘਟਨਾਵਾਂ ਦੀ ਲੰਮੀ ਲੜੀ ਨੇ ਹਾਲਤ ਸਰਕਾਰ ਦੇ ਵਸੋਂ ਬਾਹਰ ਕਰ ਦਿੱਤੀ ਹੈ? ਇਸ 'ਚੋਂ ਸੱਚ ਕੀ ਹੈ? ਸਰਕਾਰ ਹੀ ਜਾਣੇ ਤੇ ਦੱਸੇ। ਪਰ ਅਸੀਂ ਦੇਖ ਚੁੱਕੇ ਹਾਂ ਕਿ ਸਰਕਾਰ ਦੇ ਨੇੜੇ ਵਾਲੇ ਲੋਕਾਂ ਨੇ ਅਤਿਵਾਦੀ ਧੜੇ ਨੂੰ ਵਿਉਂਤ ਨਾਲ ਕਾਇਮ ਕੀਤਾ, ਉਭਾਰਿਆ ਅਤੇ ਮੋਹਰੀ ਪੁਜ਼ੀਸ਼ਨ ਉੱਤੇ ਪਹੁੰਚਣ ਲਈ ਢੁੱਕਵੀਆਂ ਚਾਲਾਂ ਚੱਲੀਆਂ ਅਤੇ ਢੁੱਕਵੇਂ ਹਾਲਾਤ ਮੁਹੱਈਆ ਕੀਤੇ, ਪੰਜਾਬ ਦੀਆਂ ਸਾਂਝੀਆਂ ਹੱਕੀ ਮੰਗਾਂ ਦੀ ਪੂਰਤੀ ਲਈ ਸਮਝੌਤਾ ਕਰਨ ਵਿੱਚ ਦੋ ਸਾਲ ਤੋਂ ਵਧ ਸਮਾਂ ਜਾਣ ਬੁੱਝ ਕੇ ਦੇਰ ਕੀਤੀ, ਇਸ ਖਾਤਰ ਵਾਰ ਵਾਰ ਹੋਇਆ ਸਮਝੌਤਾ ਤੋੜਿਆ। ਸਰਕਾਰੀ ਅਤੇ ਅਤਿਵਾਦੀ ਹਿੰਸਾ ਦਾ ਸ਼ਿਕਾਰ ਲੋਕਾਂ ਦੀ ਬੇਲੋੜੀ ਅਤੇ ਬੇਰਹਿਮ ਬਲੀ ਲਗਾਤਾਰ ਦਿੱਤੀ ਗਈ ਅਮਨ-ਚੈਨ ਕਾਇਮ ਰੱਖਣ ਵਿੱਚ ਸਰਕਾਰ ਪੂਰੀ ਤਰ੍ਹਾਂ ਫੇਲ੍ਹ ਹੋਈ। ਸੈਂਕੜੇ ਕਤਲ ਹੋਏ।

ਕੋਈ ਕਾਤਲ ਫੜ੍ਹ ਕੇ ਅਦਾਲਤਾਂ ਸਾਹਮਣੇ ਪੇਸ਼ ਨਹੀਂ ਕੀਤੇ ਜਾ ਸਕੇ। ਫਿਰ ਫੌਜੀ ਕਾਰਵਾਈ ਸਮੇਂ ਅਤਿਵਾਦੀਆਂ ਜਾਂ ਹੋਰ ਕਾਤਿਲਾਂ ਦੀਆਂ ਲਿਸਟਾਂ ਇੱਕ ਦਮ ਕਿਵੇਂ ਮੁਕੰਮਲ ਹੋ ਗਈਆਂ। ਜਾਪਦਾ ਹੈ ਗ੍ਰਿਫਤਾਰੀਆਂ ਕਰਨ ਵਿੱਚ ਹੋਈ ਢਿੱਲ ਸੋਚੀ ਸਮਝੀ ਪਾਲਿਸੀ ਸੀ ਤਾਂ ਕਿ ਆਖਰੀ ਫੌਜੀ-ਦਖਲ ਲਈ ਲੋਕ-ਰਾਇ ਉਭਾਰ ਲਈ ਜਾਵੇ ਅਤੇ ਉਸ ਨੂੰ ਲਾਜ਼ਮੀ ਸਿੱਧ ਕੀਤਾ ਜਾ ਸਕੇ। ਕੀ ਪਤਾ ਸਿੱਖ ਲੀਡਰਾਂ ਦੇ ਇੰਨ੍ਹਾਂ ਇਲਜ਼ਾਮਾਂ ਵਿੱਚ ਵੀ ਕਿੰਨੀ ਸੱਚਾਈ ਹੈ ਕਿ ਅਨੇਕਾਂ ਕਤਲ ਸਰਕਾਰ ਦੇ ਆਪਣੇ ਏਜੰਟਾਂ ਨੇ ਹਾਲਾਤ ਵਿਗਾੜਨ ਲਈ ਕੀਤੇ ਹਨ।

(ਬਾਕੀ ਪੰਨਾ 8 ਤੇ)

ਲੌਇਲ ਫਰਨੀਚਰ ਲਿ:

2707 MAIN ST., VANCOUVER, B.C.

THE HOUSE OF QUALITY FURNITURE

9th Anniversary Sale


*** SERVICE * QUALITY & * BEST PRICES**

ਵਧੀਆ ਫਰਨੀਚਰ ਦੀ ਚੋਣ 'ਚੋਂ ਖ੍ਰੀਦੋ :

- ਸੌਲਿਡ ਓਕ ਤੇ ਪਾਈਨ ਵੁੱਡ ਦੀਆਂ ਬੈੱਡਰੂਮ ਤੇ ਡਾਈਨਿੰਗ ਰੂਮ ਸੁਈਟਸ
- ਐਟਲਾਂਟਿਕ ਤੇ ਹੋਰ ਕੰਪਨੀਆਂ ਦੇ ਵਧੀਆ ਸੋਫਾ ਸੈਟ

ਤੇ ਹੋਰ ਹਰ ਤਰ੍ਹਾਂ ਦਾ ਫਰਨੀਚਰ ਖ੍ਰੀਦਣ ਦਾ ਸੁਨਹਿਰੀ ਮੌਕਾ





ਹਰ ਆਈਟਮ ਤੇ ਸੇਲ ਹੈ 15 ਪ੍ਰਤੀਸ਼ਤ ਤੋਂ 50 ਪ੍ਰਤੀਸ਼ਤ ਤੱਕ ਕੀਮਤਾਂ ਘੱਟ ਕਰ ਦਿੱਤੀਆਂ ਹਨ ।

- ਵਧੀਆ ਕੁਆਲਿਟੀ
- ਵਾਜਬ ਕੀਮਤਾਂ ਤੇ
- ਭਰੋਸੇਯੋਗ ਸਰਵਿਸ ਲਈ ਹਮੇਸ਼ਾਂ ਯਾਦ ਰੱਖੋ

ਆਪਣੇ ਘਰਾਂ ਵਿੱਚ ਵਧੀਆ ਮਜ਼ਬੂਤ ਤੇ ਸ਼ਾਨਦਾਰ ਫਰਨੀਚਰ ਰੱਖਣ ਲਈ ਹਮੇਸ਼ਾ ਇਕ ਹੀ ਨਾਮ ਯਾਦ ਰੱਖੋ

OPEN 7 DAYS A WEEK

LF

LOYAL FURNITURE LTD

Ph.: 879-8319 2707 Main Street,(at 11th Ave.) Vancouver, B.C. Loyal - The Most Trusted Name in Furniture Business. **Ph.: 879-4813**

ਪੰਜਾਬ ਦਰਪਣ

ਗਜਿੰਦਰ ਸਿੰਘ ਚੀਮਾ ਵਲੋਂ ਲੌਂਗੋਵਾਲ ਦੀ ਨਜ਼ਰਬੰਦੀ ਨੂੰ ਚੁਣੌਤੀ

ਨਵੀਂ ਦਿੱਲੀ — ਸੁਪਰੀਮ ਕੋਰਟ ਵਿਚ ਗਜਿੰਦਰ ਸਿੰਘ ਚੀਮਾ ਵਲੋਂ ਦਾਇਰ ਕੀਤੀ ਰਿਟ ਦੀ ਕਾਰਵਾਈ ਅੱਗੇ ਪਾ ਦਿਤੀ ਗਈ। ਗਜਿੰਦਰ ਸਿੰਘ ਚੀਮਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਨਜ਼ਰਬੰਦੀ ਨੂੰ ਗ਼ੈਰਕਾਨੂੰਨੀ ਦੱਸਿਆ ਤੇ ਕਿਹਾ ਕਿ ਸਰਕਾਰ ਸੰਤ ਲੌਂਗੋਵਾਲ ਨੂੰ ਤੁਰੰਤ ਰਿਹਾ ਕਰੇ। ਪਰ ਦੋ ਜੱਜ ਛੁੱਟੀ ਤੇ ਹੋਣ ਕਾਰਨ ਰਿਟ ਦੀ ਕਾਰਵਾਈ ਮੁਲਤਵੀ ਕਰ ਦਿਤੀ ਗਈ।

ਦਹਿਸ਼ਤਪਸੰਦਾਂ ਨੂੰ ਭਜਾਉਣ ਵਾਲੇ ਠਾਣੇਦਾਰ ਗ੍ਰਿਫ਼ਤਾਰ

ਚੰਡੀਗੜ੍ਹ — ਕੌਮੀ ਸੁਰੱਖਿਆ ਕਾਨੂੰਨ ਅਧੀਨ ਗ੍ਰਿਫਤਾਰ ਕੀਤੇ ਗਏ ਇਕ ਦਹਿਸ਼ਤਪਸੰਦ ਨੂੰ ਭਜਾਉਣ ਵਿਚ ਮੱਦਦ ਕਰਨ ਕਰਕੇ ਦੋ ਏ. ਐਸ. ਆਈ. ਗ੍ਰਿਫਤਾਰ ਕਰ ਲਏ ਗਏ ਹਨ ਅਤੇ ਉਨ੍ਹਾਂ ਨੂੰ ਨੌਕਰੀ ਤੋਂ ਸਸਪੈਂਡ ਕਰ ਦਿਤਾ ਗਿਆ ਹੈ।

ਫੀਰੋਜ਼ਪੁਰ ਜੇਲ੍ਹ ਤੋਂ ਬਠਿੰਡਾ ਜੇਲ੍ਹ ਵਿਚ 20 ਵਿਅਕਤੀ ਤਬਦੀਲ ਕਰਕੇ ਭੇਜੇ ਜਾਣ ਸਮੇਂ ਇਹ ਦੋਵੇਂ ਠਾਣੇਦਾਰ ਮਹਿੰਦਰ ਸਿੰਘ ਅਤੇ ਰਣਜੀਤ ਸਿੰਘ ਇੰਚਾਰਜ ਸਨ ਜਦੋਂ ਇਨ੍ਹਾਂ ਨੇ ਸਰਬਜੀਤ ਸਿੰਘ ਨਾਂ ਦੇ ਇਕ ਗ੍ਰਿਫਤਾਰ ਵਿਅਕਤੀ ਨੂੰ ਗੋਨਿਆਣਾ ਮੰਡੀ ਦੇ ਕੋਲ ਜਾ ਕੇ ਭੱਜ ਜਾਣ ਵਿਚ ਮੱਦਦ ਕੀਤੀ

ਖਬਰ ਅਨੁਸਾਰ ਸਰਬਜੀਤ ਸਿੰਘ ਉਤੇ ਗੁਰੂ ਹਰ ਸਹਾਇ ਦੇ ਬਿਛੂ ਰਾਮ ਨੂੰ ਮਾਰਨ ਦਾ ਦੋਸ਼ ਲੱਗਿਆ ਹੋਇਆ ਹੈ। ਗੋਨਿਆਣਾ ਦੇ ਨੇੜੇ ਸਰਬਜੀਤ ਸਿੰਘ ਨੇ ਪਿਸ਼ਾਬ ਕਰਨ ਦਾ ਬਹਾਨਾ ਕੀਤਾ ਤੇ ਦੌੜ ਗਿਆ। ਸਰਬਜੀਤ ਸਿੰਘ ਦੇ ਜਾਣ ਕੇ ਹੱਥਕੜੀ ਵੀ ਨਹੀਂ ਲਾਈ ਗਈ ਸੀ।

ਫੀਰੋਜ਼ਪੁਰ ਦੇ ਐਸ. ਐਸ. ਪੀ. ਸ੍ਰੀ ਸਦੀਕੀ ਨੇ ਕਿਹਾ ਕਿ ਇਕ ਹਵਾਲਦਾਰ ਅਤੇ 10 ਪੁਲਸੀਆਂ ਵਿਰੁੱਧ ਵੀ ਕਾਰਵਾਈ ਕੀਤੀ ਜਾ ਰਹੀ ਹੈ।

ਬਲਾਤਕਾਰ ਕਰਨ ਵਾਲਾ ਠਾਣੇਦਾਰ ਜੇਲ੍ਹ ਵਿਚੋਂ ਭੱਜ ਗਿਆ

ਬਠਿੰਡਾ — ਇਕ ਸਜ਼ਾ-ਯਾਫ਼ਤਾ ਠਾਣੇਦਾਰ ਭਗਤ ਰਾਮ, ਜਿਸਨੂੰ ਬਲਾਤਕਾਰੀ ਦੇ ਦੋਸ਼ ਹੇਠ ਸਜ਼ਾ ਹੋਈ ਸੀ, ਭੱਜ ਗਿਆ ਹੈ। ਉਸਨੂੰ ਬਠਿੰਡਾ ਕਚਹਿਰੀਆਂ ਵਿਚ ਇਕ ਹੋਰ ਕੇਸ ਖਾਤਰ ਲਿਆਂਦਾ ਗਿਆ ਸੀ, ਜਿਥੋਂ ਉਹ ਖਿਸਕ ਗਿਆ। ਸਾਡੇ ਪੱਤਰਪ੍ਰੇਰਕ ਅਨੁਸਾਰ ਭਗਤ ਰਾਮ ਨੂੰ ਦੁੜਾਉਣ ਵਿਚ ਪੁਲਸੀਆਂ ਦਾ ਹੱਥ ਦੱਸਿਆ ਗਿਆ ਹੈ।

ਡਾ: ਗੋਪਾਲ ਸਿੰਘ ਗੋਆ ਦੇ ਲੈਫਟੀਨੈਂਟ ਗਵਰਨਰ ਨੀਯਤ

ਨਵੀਂ ਦਿੱਲੀ — ਪੰਜਾਬੀ ਦੇ ਪ੍ਰਸਿੱਧ ਲੇਖਕ ਡਾ: ਗੋਪਾਲ ਸਿੰਘ ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਅੰਗਰੇਜ਼ੀ ਵਿਚ ਕੀਤਾ ਹੈ ਗੋਆ, ਦਮਨ ਤੇ ਦੇਓ ਦੇ ਲੈਫਟੀਨੈਂਟ ਗਵਰਨਰ ਨੀਯਤ ਕੀਤੇ ਗਏ ਹਨ। ਉਹ ਨਾਲ ਹੀ ਦਾਦਰਾ ਅਤੇ ਨਗਰ ਹਵੇਲੀ ਦੇ ਐਡਮਿਨਸਟਰੇਟਰ ਵੀ ਬਣਾਏ ਗਏ ਹਨ।

ਪਾਂਡੀਚਰੀ ਦੇ ਲੈਫਟੀਨੈਂਟ ਗਵਰਨਰ ਤ੍ਰਿਭਵਨ ਪ੍ਰਸ਼ਾਦ ਤਿਵਾੜੀ ਨੂੰ ਨੀਯਤ ਕੀਤਾ ਗਿਆ ਹੈ।

ਭਾਰਤ-ਪਾਕਿ ਸਬੰਧ ਪੂਰੀ ਤਰ੍ਹਾਂ ਵਿਗੜਨ ਲੱਗੇ

ਵਾਸ਼ਿੰਗਟਨ — 'ਟਾਈਮਜ਼ ਆਫ਼ ਇੰਡੀਆ' ਦੇ ਪੱਤਰ ਪਰੇਰਕ ਦੀ ਖ਼ਬਰ ਅਨੁਸਾਰ ਭਾਰਤ ਦੇ ਬਦੇਸ਼ ਸਕੱਤਰ ਐਮ. ਕੇ. ਰਸਗੋਤਰਾ ਨੇ ਇਥੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਬੰਧ ਪੂਰੀ ਤਰ੍ਹਾਂ ਵਿਗੜ ਗਏ ਹਨ। ਭਾਰਤ ਨੇ ਪਾਕਿਸਤਾਨ ਨੂੰ ਵਾਰ ਵਾਰ ਕਿਹਾ ਹੈ ਕਿ ਉਹ ਭਾਰਤ ਦੇ ਮਾਮਲਿਆਂ ਵਿਚ ਆਪਣੀ 'ਦਖਲ ਅੰਦਾਜ਼ੀ' ਬੰਦ ਕਰ ਦਵੇ ਪਰ ਪਾਕਿਸਤਾਨ ਨੇ ਅਜਿਹਾ ਵਤੀਰਾ ਅਪਣਾ ਰੱਖਿਆ ਹੈ ਕਿ ਭਾਰਤ ਕੋਲ ਹੋਰ ਕੋਈ ਚਾਰਾ ਹੀ ਨਹੀਂ ਕਿ ਉਹ ਵੀ ਸਖਤ ਰਵੱਈਆ ਇਖਤਿਆਰ ਕਰੇ।

ਸ੍ਰੀ ਰਸਗੋਤਰਾ ਨੇ ਕਿਹਾ ਕਿ ਦੋਵਾਂ ਦੇਸ਼ਾਂ ਦੇ ਸਬੰਧਾਂ ਵਿਚ ਜੋ ਸੁਧਾਰ ਹੋਇਆ ਸੀ, ਉਸ ਨੂੰ ਪਾਕਿਸਤਾਨੀ ਫੌਜੀ ਜੁੰਡਲੀ ਤਾਰਪੀਡੋ ਕਰ ਰਹੀ ਹੈ ਅਤੇ ਅੱਗੇ ਲਈ ਗਲਬਾਤ ਦੀਆਂ ਸੰਭਾਵਨਾਵਾਂ ਬਹੁਤ ਮੱਧਮ ਹਨ।

ਸ੍ਰੀ ਰਸਗੋਤਰਾ ਨੇ ਕਿਹਾ ਕਿ ਉਹ ਅਮਰੀਕੀ ਅਧਿਕਾਰੀਆਂ ਨਾਲ ਅਗਲੇ ਦਿਨਾਂ ਵਿਚ ਮਿਲ ਰਹੇ ਹਨ।

ਸ੍ਰੀ ਰਸਗੋਤਰਾ ਨੂੰ ਜਦ ਇਹ ਪੁਛਿਆ ਗਿਆ ਕਿ ਭਾਰਤ ਪਾਕਿਸਤਾਨ ਦੇ ਪ੍ਰਮਾਣੂ ਕੇਂਦਰ ਕਹੂਟਾ ਉਤੇ ਹਮਲਾ ਕਰਨ ਦੀ ਸੋਚ ਰਿਹਾ ਹੈ ਤਾਂ ਸ੍ਰੀ ਰਸਗੋਤਰਾ ਨੇ ਕਿਹਾ ਕਿ ਇਹ 'ਬੇਹੂਦਾ' ਦੋਸ਼ ਹੈ ਜਿਸਨੂੰ ਪਾਕਿਸਤਾਨ ਦੇ ਹਾਕਮ ਜਾਣ ਬੁਝ ਕੇ ਉਛਾਲ ਰਹੇ ਹਨ। ਉਨ੍ਹਾਂ ਕਿਹਾ ਕਿ ਅਮਰੀਕਨ ਏਜੰਸੀਆਂ ਅਜਿਹੀ ਗੱਲ ਨੂੰ ਹਵਾ ਦੇ ਰਹੀਆਂ ਹਨ।

ਵਾਸ਼ਿੰਗਟਨ ਵਿਚ ਰਾਜਸੀ ਸੂਤਰਾਂ ਦਾ ਕਹਿਣਾ ਹੈ ਕਿ ਪਾਕਿਸਤਾਨ ਉਤਲੇ ਮਨੋਂ ਭਾਰਤ ਨਾਲ 'ਦੋਸਤੀ' ਦੀ ਨਕਾਬ ਪਾ ਰਿਹਾ ਹੈ ਤਾਂ ਕਿ ਅਮਰੀਕਾ ਤੋਂ ਹਥਿਆਰ ਹਥਿਆ ਸਕੇ। ਜਿਸ ਸਮੇਂ ਅਮਰੀਕਨ ਹਥਿਆਰ ਅਤੇ ਜਹਾਜ਼ ਪਾਕਿਸਤਾਨ ਨੂੰ ਮਿਲ ਗਏ ਤਾਂ ਭਾਰਤ ਨਾਲ ਦਿਖਾਈ ਜਾ ਰਹੀ 'ਦੋਸਤੀ' ਦਾ ਅਸਲੀ ਰੰਗ ਉਘੜ ਪਵੇਗਾ।

ਪਾਕਿਸਤਾਨ ਵਿਚ 'ਖਾਲਿਸਤਾਨੀ' ਕਿਤਾਬਚੇ

'ਟਾਈਮਜ਼ ਆਫ਼ ਇੰਡੀਆ' ਦੇ ਨਾਮਾਨਿਗਾਰ ਨੇ ਲਿਖਿਆ ਹੈ ਕਿ ਜੂਨ ਦੇ ਸ਼ੁਰੂ ਵਿਚ ਪਾਕਿਸਤਾਨ ਨੇ ਸਿੱਖਾਂ ਦੇ ਮਸਲੇ ਨੂੰ ਉਛਾਲਣਾ ਸ਼ੁਰੂ ਕੀਤਾ ਤਾਕਿ ਭਾਰਤ ਨੂੰ ਬਦਨਾਮ ਕੀਤਾ ਜਾ ਸਕੇ। ਅੰਮ੍ਰਿਤਸਰ ਤੇ ਲਾਹੌਰ ਵਿਚਕਾਰ ਰੇਡੀਓ ਸੰਪਰਕ ਕਾਇਮ ਕੀਤਾ ਗਿਆ, ਪੰਜਾਬ ਵਿਚ ਹਥਿਆਰ ਸਮਗਲ ਕੀਤੇ ਗਏ ਤਾਕਿ ਹਿੰਸਾਤਮਕ ਵਾਰਦਾਤਾਂ ਵਧ ਸਕਣ, ਕਿਤਾਬਾਂ ਤੇ ਪੈਂਫਲਿਟ ਗੁਰਮੁਖੀ ਵਿਚ ਛਾਪੇ ਗਏ। 'ਖਾਲਿਸਤਾਨ' ਦੇ ਹੱਕ ਵਿਚ ਕਿਤਾਬਚੇ ਛਾਪੇ ਤੇ ਵੰਡੇ ਗਏ। ਨਾਮਾਨਿਗਾਰ ਨੇ ਲਿਖਿਆ ਹੈ ਕਿ ਸ੍ਰੀ ਰਸਗੋਤਰਾ ਨੇ ਇਸਲਾਮਾਬਾਦ ਦੀ ਇਕ ਦੁਕਾਨ ਤੋਂ ਇਕ ਕਿਤਾਬ ਖਰੀਦੀ ਜੋ 'ਖਾਲਿਸਤਾਨ' ਦੇ ਹੱਕ ਵਿਚ ਸੀ ਅਤੇ ਪਾਕਿਸਤਾਨ ਦੇ ਪ੍ਰਧਾਨ ਜ਼ਿਆ ਉਲ ਹੱਕ ਨੂੰ ਸਬੂਤ ਵਜੋਂ ਪੇਸ਼ ਕੀਤੀ ਕਿ ਉਹ 'ਖਾਲਿਸਤਾਨ' ਦੀ ਕਿਸ ਤਰ੍ਹਾਂ ਮੱਦਦ ਕਰ ਰਹੇ ਹਨ।

ਅਗਵਾਕਾਰਾਂ ਨੂੰ ਸਹਾਇਤਾ

ਅਖ਼ਬਾਰ ਨੇ ਲਿਖਿਆ ਹੈ ਕਿ 'ਪਾਕਿਸਤਾਨ ਹੇਗ ਕਨਵੈਨਸ਼ਨ ਅਧੀਨ ਅਗਵਾਕਾਰੀ ਸਬੰਧੀ ਦਸਤਖਤ ਕਰ ਚੁੱਕਿਆ ਦੇਸ਼ ਹੈ ਪਰ ਫਿਰ ਵੀ ਇਸ ਨੇ ਪਹਿਲੇ ਦੋ ਹਵਾਈ ਜਹਾਜ਼ ਅਗਵਾ ਕਰਨ ਵਾਲੇ ਵਿਅਕਤੀ ਭਾਰਤ ਨੂੰ ਨਹੀਂ ਵਾਪਸ ਕੀਤੇ ਅਤੇ ਨਾ ਹੀ ਕੌਮਾਂਤਰੀ ਕਾਨੂੰਨ ਅਧੀਨ ਉਨ੍ਹਾਂ ਤੇ ਮੁਕੱਦਮਾ ਚਲਾਇਆ ਸਗੋਂ ਲੰਡਨ, ਕੈਨੇਡਾ ਅਤੇ ਹੋਰ ਖਾੜੀ ਦੇ ਦੇਸ਼ਾਂ ਵਿਚ ਭਾਰਤ ਵਿਰੁਧ ਜ਼ਹਿਰੀਲਾ ਪ੍ਰਚਾਰ ਜਾਰੀ ਰੱਖਣ ਵਿਚ ਮੱਦਦ ਕਰਦਾ ਆ ਰਿਹਾ ਹੈ।

ਪੰਜਾਬ ਵਿਚ ਫੌਜੀ ਕਾਰਵਾਈ ਸਮੇਂ ਪਾਕਿਸਤਾਨ ਦੇ ਰੱਖਿਆ ਮੰਤਰੀ ਨੇ ਭਾਰਤ ਦੇ ਅੰਦਰੂਨੀ ਮਾਮਲੇ ਵਿਚ ਲੱਤ ਅੜਾਉਣ ਦੀ ਕੋਸ਼ਿਸ਼ ਕੀਤੀ। ਸਗੋਂ ਭਾਰਤ ਵਿਚਲੇ ਮੁਸਲਮਾਨਾਂ ਨੂੰ ਭੜਕਾਉਣ ਲਈ ਜ਼ੀਆ ਨੇ ਇੰਦਰਾ ਗਾਂਧੀ ਨੂੰ ਉਨ੍ਹਾਂ ਦੀ ਹਾਲਤ ਬਾਰੇ ਖਤ ਲਿਖੇ।

ਪੱਤਰ ਪ੍ਰੇਰਕ ਨੂੰ ਇਕ ਅਧਿਕਾਰੀ ਨੇ ਦੱਸਿਆ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਬੰਧ ਸੁਧਰਨ ਦੀ ਥਾਂ ਅਗਲੇ ਮਹੀਨਿਆਂ ਵਿਚ ਵਿਗੜਨਗੇ।

28,29 ਸਤੰਬਰ ਨੂੰ ਨਿਹੰਗ ਸਿੰਘਾਂ ਦੀ ਕਾਨਫਰੰਸ

ਅੰਮ੍ਰਿਤਸਰ — ਬੁੱਢਾ ਦਲ ਦੇ ਨਿਹੰਗ ਆਗੂ ਬਾਬਾ ਸੰਤਾ ਸਿੰਘ ਨੇ 28 ਅਤੇ 29 ਸਤੰਬਰ ਨੂੰ ਨਿਹੰਗਾਂ ਦੀ ਕਾਨਫਰੰਸ ਬੁਲਾਈ ਹੈ। ਇਹ ਕਾਨਫਰੰਸ ਸ੍ਰੀ ਅਕਾਲ ਤਖਤ ਸਾਹਿਬ ਦੀ ਬਿਲਡਿੰਗ ਮੁਕੰਮਲ ਹੋਣ ਸਮੇਂ ਬੁਲਾਈ ਗਈ ਹੈ। 25 ਸਤੰਬਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਮੁਰੰਮਤ ਦਾ ਕੰਮ ਮੁਕੰਮਲ ਹੋ ਗਿਆ ਹੈ

ਬਾਬਾ ਸੰਤਾ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੇ 'ਦੂਜੀ ਸਰਬੱਤ ਖਾਲਸਾ ਕਨਵੈਨਸ਼ਨ' ਨਹੀਂ ਬੁਲਾਈ ਸਗੋਂ ਉਨ੍ਹਾਂ ਆਪਣੇ ਵਲੋਂ ਸੰਭਾਲਿਆ ਕੰਮ ਮੁਕੰਮਲ ਕਰ ਦਿਤਾ ਹੈ ਅਤੇ 29 ਸਤੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਸ੍ਰੀ ਅਕਾਲ ਤਖਤ ਸਾਹਿਬ ਤੇ ਸ਼ੁਸ਼ੋਭਤ ਕਰ ਦਿਤੀ ਜਾਵੇਗੀ।

ਬਾਬਾ ਸੰਤਾ ਸਿੰਘ ਨੇ ਕਿਹਾ ਕਿ ਦੋਵੇਂ ਦਿਨ ਸਿੱਖਾਂ ਦੇ ਰਵਾਇਤੀ ਸ਼ਸ਼ਤਰ ਵੀ ਦਿਖਾਏ ਜਾਣਗੇ।

● ਸਿਰ ਦੇ ਵਾਲ

ਇੱਕ ਇਸਤਰੀ ਨੇ ਕਿਸੇ ਨੂੰ ਪੁੱਛਿਆ - "ਮੇਰਾ ਖਿਆਲ ਏ, ਕਿ ਤੁਸੀਂ ਲਾਕਟ 'ਚ ਕਿਸੇ ਕਿਸਮ ਦੀ ਯਾਦਗਾਰ ਨੂੰ ਸੁਰੱਖਿਅਤ ਰੱਖਿਆ ਏ।" "ਹਾਂ! ਇਸ 'ਚ ਮੇਰੇ ਪਤੀ ਦੇ ਵਾਲ ਨੇ।"

"ਪਰ ਤੁਹਾਡੇ ਪਤੀ ਤਾਂ ਰੱਬ ਦੀ ਕਿਰਪਾ ਨਾਲ ਜਿੰਦਾ ਨੇ।" "ਪਰ ਉਹਨਾਂ ਦੇ ਸਿਰ ਦੇ ਵਾਲ ਝੜ ਚੁੱਕੇ ਨੇ।"

ਅਗਵਾਕਾਰੀ ਬਾਰੇ ਜਾਣਕਾਰੀ ਪਹਿਲਾਂ

ਪੱਤ੍ਰ ਪ੍ਰੇਰਕ ਨੇ ਕਿਹਾ ਕਿ ਅਧਿਕਾਰੀ ਨੇ ਉਸਨੂੰ ਦੱਸਿਆ ਕਿ ਹਵਾਈ ਜਹਾਜ਼ ਦੀ ਅਗਵਾਕਾਰੀ ਦੀ ਸੂਚਨਾ ਪਾਕਿਸਤਾਨੀ ਅਧਿਕਾਰੀਆਂ ਨੂੰ ਪਹਿਲਾਂ ਹੀ ਸੀ ਤੇ ਪਾਕਿਸਤਾਨੀ ਅਧਿਕਾਰੀ ਹਵਾਈ ਜਹਾਜ਼ ਦੀ ਉਡੀਕ ਵਿਚ ਸਨ। ਪਿਛਲੇ ਦਿਨੀਂ ਹੋਈ ਘਟਨਾ ਸਮੇਂ 50 'ਅਤਿਵਾਦੀ' ਪਹਿਲਾਂ ਹੀ ਸਰਹੱਦ ਪਾਰ ਕਰ ਗਏ ਸਨ ਅਤੇ ਪਾਕਿਸਤਾਨੀਆਂ ਨੂੰ ਅਗਾਊਂ ਸੂਚਨਾ ਮਿਲ ਗਈ ਸੀ। ਪਾਕਿਸਤਾਨੀਆਂ ਨੇ ਹਵਾਈ ਅੱਡੇ ਤੇ ਅਗਵਾਕਾਰਾਂ ਨੂੰ ਪਿਸਤੌਲ ਦਿਤਾ। ਹੁਣ ਕਿਉਂਕਿ ਅਗਵਾਕਾਰ ਭਾਰਤ ਵਿਚ ਹਨ ਤੇ ਉਨ੍ਹਾਂ ਨੇ ਸਭ ਕੁਝ ਦੱਸ ਦਿਤਾ ਹੈ - ਅਧਿਕਾਰੀ ਨੇ ਕਿਹਾ ਕਿ 'ਸਾਡੇ ਸ਼ੱਕ ਸੱਚੇ ਸਾਬਤ ਹੋਏ ਹਨ।'

ਮੁਹੱਬਤਨਾਮੇ

ਮਾਨਯੋਗ ਐਡੀਟਰ ਸਾਹਿਬ,
ਸਤਿ ਸ੍ਰੀ ਆਕਾਲ । ਆਪ ਨੂੰ ਚਿੱਠੀ ਭੇਜ ਰਿਹਾ ਹਾਂ ਆਸ ਹੈ ਕਿ ਛਾਪਣ ਦੀ ਖੇਚਲ ਕਰੋਂਗੇ ।

ਦਰਬਾਰ ਸਾਹਿਬ ਵਿਚ ਹੋਈ ਦੁਰਘਟਨਾ ਨੇ ਸਭ ਮੁਲਕਾਂ ਵਿਚ ਵਸਦੇ ਸਿੱਖਾਂ ਦਾ ਹਿਰਦਾ ਬਹੁਤ ਦੁਖਾਇਆ ਹੈ। ਪਰ ਇਸ ਤੋਂ ਵੱਧ ਦੁੱਖ ਇਸ ਗੱਲ ਦਾ ਹੈ ਕਿ ਕੁਝ ਸਿੱਖ ਖਾਲਿਸਤਾਨ ਦੀ ਮੰਗ ਲਈ ਦੁਹਾਈ ਪਾ ਰਹੇ ਹਨ । ਸਿੱਟੇ ਵਜੋਂ ਕੈਨੇਡਾ ਦੇ ਕੁਝ ਸ਼ਹਿਰਾਂ ਵਿਚ ਹਿੰਸਕ ਵਾਰਦਾਤਾਂ ਹੋਈਆਂ ਹਨ । ਜੇਕਰ ਖਾਲਿਸਤਾਨ ਚਾਹੀਦਾ ਹੈ ਤਾਂ ਪੰਜਾਬ ਵਿਚ ਵਸਦੇ ਸਿੱਖਾਂ ਨੂੰ ਇਸ ਚੀਜ਼ ਬਾਰੇ ਸੋਚਣਾ ਤੇ ਫੈਸਲਾ ਕਰਨਾ ਚਾਹੀਦਾ ਹੈ ਨਾ ਕਿ ਬਾਹਰਲੇ ਮੁਲਕਾਂ ਵਿਚ ਵਸਦੇ ਸਿੱਖਾਂ ਨੂੰ ਜਿਨ੍ਹਾਂ ਵਿਚੋਂ 99 ਫੀ ਸਦੀ ਬੰਦਿਆਂ ਨੇ ਸ਼ਾਇਦ ਦੋ ਜਾਂ ਵੱਧ ਤੋਂ ਵੱਧ ਚਾਰ ਵਾਰ ਆਪਣੀ ਜ਼ਿੰਦਗੀ ਵਿਚ ਪੰਜਾਬ ਨੂੰ ਜਾਣਾ ਹੈ ਤੇ ਉਹ ਭੀ ਕੁਝ ਹਫਤਿਆਂ ਵਾਸਤੇ ਕੈਨੇਡਾ ਦੇ ਕੱਪੜਿਆਂ ਤੇ ਡਾਲਰਾਂ ਦੀ ਚਮਕ ਦਿਖਾਉਣ ਲਈ । ਵਿਦੇਸ਼ਾਂ ਵਿਚ ਦਫਤਰਾਂ ਦੇ ਸ਼ੀਸ਼ੇ ਤੋੜ ਕੇ ਜਾਂ ਤਿਰੰਗਾ ਜਾਲ ਕੇ ਭਾਰਤ ਸਰਕਾਰ ਦੇ ਵਿਦੇਸ਼ਾਂ ਵਿਚ ਕੰਮ ਕਰਦੇ ਕਰਮਚਾਰੀਆਂ(ਕੌਂਸਲੇਟ ਜਨਰਲ) ਤੇ ਹਮਲੇ ਕਰਕੇ ਅਸੀਂ ਕੋਈ ਸਿਆਣਪ ਦਾ ਸਬੂਤ ਨਹੀਂ ਦੇ ਰਹੇ । ਦਰਬਾਰ ਸਾਹਿਬ ਵਾਲੀ ਘਟਨਾ ਕਿਸੇ ਕੌਂਸਲੇਟ ਦੇ ਹੁਕਮ ਨਾਲ ਜਾਂ ਵੈਨਕੂਵਰ ਦੇ ਕਿਸੇ ਹਿੰਦੂ ਬਿਜ਼ਨਿਸਮੈਨ ਦੇ ਹੁਕਮ ਨਾਲ ਤਾਂ ਹੋਈ ਨਹੀਂ । ਸਾਨੂੰ ਜੋਸ਼ ਨਾਲੋਂ ਹੋਸ਼ ਤੋਂ ਕੰਮ ਲੈਣਾ ਚਾਹੀਦਾ ਹੈ। ਮੇਰੇ ਇਕ ਨਜ਼ਦੀਕੀ ਦੋਸਤ ਦੇ ਪਰਵਾਰ ਨੂੰ ਫੌਜ ਨੇ ਸਰੀਰਕ ਤੇ ਮਾਲੀ ਨੁਕਸਾਨ ਪਹੁੰਚਾਇਆ ਹੈ ਪਰ ਇਸਦੇ ਬਾਵਜੂਦ ਸਾਡੀਆਂ ਮੁਲਕ ਪ੍ਰਤੀ ਭਾਵਨਾਵਾਂ ਨਹੀਂ ਬਦਲੀਆਂ ।

ਮੈਂ ਖੁਦ ਇਕ ਗੁਰੂ ਘਰ ਦੇ ਸ਼ਰਧਾਲੂ (ਸਿੱਖ) ਪ੍ਰੀਵਾਰ ਨਾਲ ਸਬੰਧ ਰੱਖਦਾ ਹਾਂ ਅਤੇ ਮੇਰੇ ਬਜ਼ੁਰਗਾਂ ਨੇ ਹਿੰਦੋਸਤਾਨ ਦੀ ਆਜ਼ਾਦੀ ਦੀ ਲੜਾਈ ਵਿਚ ਵੱਡਾ ਹਿਸਾ ਪਾਇਆ ਹੈ ਤੇ ਲੰਬੀ ਜ਼ੇਲ ਕੱਟੀ ਹੈ । ਪਰ ਜੋ ਤੋੜ ਫੋੜ ਦੀਆਂ ਕਾਰਵਾਈਆਂ ਮੇਰੇ ਵੀਰਾਂ ਨੇ ਬਾਹਰਲੇ ਮੁਲਕਾਂ ਵਿਚ ਕੀਤੀਆਂ ਹਨ, ਉਨ੍ਹਾਂ ਨਾਲ ਸਾਡੇ ਬਜ਼ੁਰਗਾਂ ਦੀਆਂ ਕੁਰਬਾਨੀਆਂ ਨੂੰ ਲਾਜ ਲੱਗੀ ਹੈ ਅਤੇ ਬਾਕੀ ਕਮਿਉਨਿਟੀਆਂ ਵਿਚ ਸਾਨੂੰ ਨੀਵਾਂ ਦਿਖਾਇਆ ਹੈ। ਕੁਝ ਚਿਰ ਪਹਿਲਾਂ ਉਜਲ ਦੁਸਾਂਝ ਨੇ ਜੋ ਬਿਆਨ ਅਖਬਾਰਾਂ ਅਤੇ ਟੀ. ਵੀ. ਉਪਰ ਦਿਤੇ ਹਨ, ਮੈਂ ਉਨ੍ਹਾਂ ਦਾ ਪੂਰੀ ਤਰ੍ਹਾਂ ਸਮਰਥਨ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਮੇਰੇ ਵਰਗੇ ਹੋਰ ਵੀਰ ਜੋ ਸਾਰੀ ਗੱਲ ਸਮਝਦੇ ਹਨ, ਇਹੋ ਜਿਹੇ ਵਿਚਾਰਾਂ ਦਾ ਸਮਰਥਨ ਕਰਨਗੇ ।

ਵੈਨਕੂਵਰ ਤੋਂ ਛਪਦੇ ਕੁਝ ਆਪਣੀ ਕਮਿਉਨਿਟੀ ਦੇ ਅਖਬਾਰਾਂ ਨੇ ਸਾਰੀ ਗੜਬੜ ਸ਼ੁਰੂ ਕਰਨ ਤੇ ਵਧਾਉਣ ਵਿਚ ਜੋ ਯੋਗਦਾਨ ਪਾਇਆ ਹੈ ਉਹ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਖਬਰਾਂ ਵਧਾ ਚੜ੍ਹਾ ਕੇ ਅਤੇ ਉਨ੍ਹਾਂ ਦੀ ਭਾਸ਼ਾ ਘਟੀਆ ਪੱਧਰ ਦੀ ਬਣਾ ਕੇ ਛਾਪਣ ਵਾਲੇ ਸੰਪਾਦਕਾਂ ਨੂੰ ਚਾਹੀਦਾ ਹੈ ਕਿ ਆਪਣੇ ਆਪਣੇ ਅਖਬਾਰਾਂ ਦੀ ਸਿਆਸੀ ਨਿਰਪੱਖਤਾ ਅਤੇ ਆਪਣੀ ਵਿਅਕਤੀਗਤ ਸਿਆਣਪ ਦਾ ਸਬੂਤ ਦੇਣ ਦੀ ਕ੍ਰਿਪਾਲਤਾ ਕਰਨ ।

ਧੰਨਵਾਦ ਸਹਿਤ ।

ਇਕ ਪਾਠਕ

(ਨੋਟ — ਨਾਂ ਤੇ ਪਤਾ ਖਤ ਲਿਖਣ ਵਾਲੇ ਦੀ ਬੇਨਤੀ ਤੇ ਨਹੀਂ ਛਾਪਿਆ ਜਾ ਰਿਹਾ ।)

ਖਾਲਿਸਤਾਨੀ ਦਲੀਲ

ਸੰਨ 1982 ਵਿੱਚ ਕਾਲਗਰੀ (ਕੈਨੇਡਾ) ਦੀ ਸਿੱਖ-ਸੰਗਤ ਨੇ ਲੈਕਚਰ ਦੇਣ ਲਈ ਖੁਸ਼ਵੰਤ ਸਿੰਘ ਨੂੰ ਭਾਰਤ ਤੋਂ ਉਚੇਚਾ ਬੁਲਾਇਆ। ਵਿਸ਼ਾ ਸੀ, 'ਸਿੱਖੀ, ਪੰਜਾਬ ਅਤੇ ਅਜੋਕੀ ਸਿਆਸਤ' । ਸਕੱਤਰ ਨੇ ਬੁਲਾਰੇ ਦੀ ਜਾਣ ਪਛਾਣ ਕਰਾਈ, ਖੁਸ਼ਵੰਤ ਸਿੰਘ ਬੋਲਣ ਲਈ ਖੜ੍ਹਾ ਹੋਇਆ ਤਾਂ ਖਾਲਿਸਤਾਨ ਦੇ ਕੁੱਝ ਹਮਾਇਤੀ ਰੌਲਾ ਪਾਉਣ ਲੱਗੇ, "ਇਹ ਨਹੀਂ ਬੋਲ ਸਕਦਾ ਅਸੀਂ ਇਸ ਨੂੰ ਬੋਲਣ ਨਹੀਂ ਦੇਣਾ ।"

ਕਾਫੀ ਦੇਰ ਰੌਲਾ ਪੈਂਦਾ ਰਿਹਾ ਤਾਂ ਇੱਕ ਸਰੋਤੇ ਨੇ ਰੌਲਾ ਪਾਉਣ ਵਾਲਿਆਂ ਦੇ ਲੀਡਰ ਨੂੰ ਪੁੱਛਿਆ, "ਤੁਸੀਂ ਖੁਸ਼ਵੰਤ ਸਿੰਘ ਦੇ ਵਿਚਾਰ ਤਾਂ ਸੁਣੋ। ਪਿੱਛੋਂ ਤੁਸੀਂ ਆਪਣਾ ਪੱਖ ਵੀ ਦੱਸ ਲੈਣਾ ।" ਜਵਾਬ ਮਿਲਿਆ, "ਤੂੰ ਨਹੀਂ ਜਾਣਦਾ, ਇਸ ...... ਨੇ ਗੱਲ ਹੀ ਇਹੋ ਜਹੀ ਕਰਨੀ ਹੈ, ਕਿਸੇ ਨੂੰ ਉਸ ਦਾ ਜਵਾਬ ਨਹੀਂ ਆਉਣਾ। ਸੋ ਅਸੀਂ ਨਹੀਂ ਇਸ ਨੂੰ ਬੋਲਣ ਦੇਣਾ।"

ਨਕੋਈ ਬੀ. ਸੀ. ਚੈਪਟਰ ਦੀ ਸਾਲਾਨਾ ਮੀਟਿੰਗ

ਵੈਨਕੂਵਰ — ਨਕੋਈ ਦਾ ਸਾਲਾਨਾ ਮੀਟਿੰਗ 31 ਅਗਸਤ ਤੋਂ 2 ਸਤੰਬਰ ਤੱਕ ਮੌਂਟਰੀਅਲ ਵਿਚ ਹੋਈ ਜਿਥੇ ਬੀ. ਸੀ. ਵਲੋਂ 11 ਡੇਲੀਗੇਟ ਸ਼ਾਮਲ ਹੋਏ। 1984-85 ਲਈ ਨਕੋਈ ਦੇ ਪ੍ਰਧਾਨ ਜੌਹਨ ਕੂਵੀਅਨ(ਮੌਂਟਰੀਅਲ) ਚੁਣੇ ਗਏ, ਸਕੱਤਰ ਸ਼ਰਦ ਚੰਦਰ ਅਤੇ ਖਜ਼ਾਨਚੀ ਅਰੁਨ ਗਰਗ ਹੋਣਗੇ। ਸੱਤ ਉਪ-ਪ੍ਰਧਾਨ ਚੁਣੇ ਗਏ ਜਿਨ੍ਹਾਂ ਵਿਚ ਬੀ. ਸੀ. ਦੇ ਬਚਨ ਸਿੰਘ ਬੁੱਟਰ ਵੀ ਸ਼ਾਮਲ ਹਨ।

2 ਸਤੰਬਰ ਨੂੰ ਮੀਟਿੰਗ ਨੇ ਹੇਠ ਲਿਖੇ ਮਤੇ ਪਾਸ ਕੀਤੇ :

1. ਨਕੋਈ ਇੰਡੋ-ਕਨੇਡੀਅਨਾਂ ਦਾ ਪ੍ਰਤੀਨਿਧ ਜਥੇਬੰਦੀ ਹੈ (2) ਸਿੱਖਾਂ ਦੇ ਪੂਜਾ ਅਸਥਾਨਾਂ ਅਤੇ ਗੁਰਦੁਆਰਿਆਂ ਵਿਚ ਫੌਜ ਦੇ ਜ਼ਬਰਦਸਤੀ ਦਾਖਲੇ ਨਾਲ ਹਜ਼ਾਰਾਂ ਮੌਤਾਂ ਦਾ ਗਹਿਰਾ ਦੁੱਖ ਅਨੁਭਵ ਕਰਦੀ ਹੈ (3) ਸਿੱਖਾਂ ਦੇ ਪਵਿੱਤਰ ਗੁਰਦੁਆਰਿਆਂ ਤੇ ਲਗਾਤਾਰ ਕਬਜ਼ਾ ਸਿੱਖਾਂ ਦੀ ਆਜ਼ਾਦੀ ਦੀ ਘੋਰ ਉਲੰਘਣਾ ਹੈ (4) ਹੈਂਕੜ ਭਰੇ ਤਰੀਕੇ ਨਾਲ ਬੇਕਸੂਰ ਸਿੱਖਾਂ ਨੂੰ ਜੇਲ੍ਹਾਂ ਵਿਚ ਰੱਖਦਾ ਜ਼ੁਰਮ ਹੈ (5) ਕੇਵਲ ਸਿੱਖਾਂ ਨੂੰ ਸ਼ੱਕ ਅਤੇ ਵਿਤਕਰੇ ਨਾਲ ਵੇਖਣਾ ਗ਼ਲਤ ਹੈ ਅਤੇ ਭਾਰਤ ਤੇ ਕੈਨੇਡਾ ਵਿਚ ਫੁਟਪਾਊ ਹੈ।

ਨਕੋਈ ਨੇ ਕੁਝ ਹੋਰ ਮੰਗਾਂ ਵੀ ਕੀਤੀਆਂ ਹਨ ਜਿਨ੍ਹਾਂ ਵਿਚ ਗੁਰਦੁਆਰਿਆਂ ਵਿਚੋਂ ਫੌਜਾਂ ਦਾ ਹਟਾਏ ਜਾਣਾ, ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਨੂੰ ਦਿਤਾ ਜਾਵੇ, ਭਾਰਤ ਸਰਕਾਰ ਮਨੁਖੀ ਹੱਕਾਂ ਦਾ ਆਦਰ ਕਰੇ ਅਤੇ ਰਾਜਸੀ ਤੌਰ ਤੇ ਫੜੇ ਗਏ ਬੇਕਸੂਰ ਸਿੱਖਾਂ ਨੂੰ ਰਿਹਾ ਕਰੇ, ਕੈਨੇਡਾ ਸਰਕਾਰ ਕੈਨੇਡਾ ਵਿਚ ਰਹਿ ਰਹੇ ਲੋਕਾਂ ਦੇ ਰਿਸ਼ਤੇਦਾਰਾਂ ਅਤੇ ਦੋਸਤਾਂ ਦੀ ਚਿੰਤਾ ਦੂਰ ਕਰਨ ਲਈ ਮੁਕੰਮਲ ਵਾਕਫੀਅਤ ਹਾਸਲ ਕਰੇ ਅਤੇ ਕੈਨੇਡਾ ਸਰਕਾਰ ਪਾਰਲੀਮੈਂਟ ਮੈਂਬਰਾਂ ਦਾ ਵਫ਼ਦ ਪੰਜਾਬ ਭੇਜੇ ।

(ਪੰਨਾ 5 ਦੀ ਬਾਕੀ)

ਅਜੇਹੇ ਇਲਜ਼ਾਮ ਪ੍ਰੋ: ਮੇਹਰਚੰਦ ਭਾਰਦਵਾਜ, ਸ੍ਰੀ ਜੇਠ ਮਿਲਾਨੀ ਜਨਤਾ ਲੀਡਰ ਅਤੇ ਹੋਰ ਕਈ ਗੈਰ-ਸਿਖ ਲੀਡਰਾਂ ਵੱਲੋਂ ਵੀ ਸਰਕਾਰ ਉਤੇ ਲਾਏ ਗਏ ਨੇ। ਪੰਜਾਬ ਤੋਂ ਬਿਨਾਂ ਹੋਰ ਸੂਬਿਆਂ ਵਿੱਚ ਜਿੱਥੇ ਗੈਰ-ਕਾਂਗਰਸੀ ਵਜ਼ਾਰਤਾਂ ਹਨ ਉਥੇ ਵੀ ਅਜੇਹੇ ਫਿਰਕੂ ਦੰਗੇ ਕਰਵਾਏ ਗਏ ਤਾਂ ਕਿ ਕੇਂਦਰੀ ਸਰਕਾਰ ਦਾ ਦਖਲ ਜਾਇਜ਼ ਬਣ ਸਕੇ ਅਤੇ ਉਥੇ ਪ੍ਰਧਾਨ ਮੰਤਰੀ ਦੀ ਪਸੰਦ ਦੀ ਹੀ ਵਜ਼ੀਰੀ-ਟੋਲੀ ਰਾਜ ਕਰੇ। ਕਸ਼ਮੀਰ ਅਤੇ ਆਂਧਰਾ ਇਸ ਦੀਆਂ ਸੱਜਰੀਆਂ ਮਿਸਾਲਾਂ ਹਨ। ਇਸ ਕੰਮ ਲਈ ਅਸੈਂਬਲੀ ਮੈਂਬਰ ਦੀ ਦਲ-ਬਦਲੀ ਦੀ ਕੀਮਤ ਵੀਹ ਲੱਖ ਰੁਪਏ ਤੱਕ ਅਦਾ ਕੀਤੀ ਗਈ ਹੈ ।

ਸੋ ਅੱਜ ਕੇਂਦਰੀ ਸਰਕਾਰ ਦਾ ਦਾਮਨ ਬਹੁਤ ਦਾਗਦਾਰ ਹੈ। ਜੇ ਨਹੀਂ ਤਾਂ ਕੇਂਦਰੀ ਸਰਕਾਰ ਦੀ ਕਾਂਗਰਸੀ ਬਹੁ ਸੰਮਤੀ ਤਕੜੀ ਹੈ ਹੀ, ਕਿਉਂ ਨਹੀਂ ਉਹ ਦਲ ਬਦਲੀ ਵਿਰੁੱਧ ਇੱਕ ਕਰੜਾ ਕਾਨੂੰਨ ਤੁਰੰਤ ਪਾਸ ਕਰ ਦਿੰਦੀ ਕਿ ਹਰ ਦਲ-ਬਦਲੂ ਨੂੰ ਅਸੈਂਬਲੀ ਜਾਂ ਪਾਰਲੀਮੈਂਟ ਤੋਂ ਅਸਤੀਫਾ ਦੇਣਾ ਪਵੇਗਾ ਅਤੇ ਉਹ ਅਗਲੇ ਛੇ ਸਾਲ ਲਈ ਉਮੀਦਵਾਰ ਦੇ ਤੌਰ ਤੇ ਖੜਾ ਵੀ ਨਹੀਂ ਹੋ ਸਕਦਾ? ਇਸ ਮਾਮਲੇ ਵਿੱਚ ਵਿਰੋਧੀ ਪਾਰਟੀਆਂ ਦੀ ਬੇਅਮਲੀ ਵੀ ਸਮਝ ਨਹੀਂ ਆਉਂਦੀ ਅਤੇ ਉਹ ਮੁਜਰਿਮਾਨਾਂ ਹੈ ਉਹ ਆਪ ਇੱਕ ਪ੍ਰਾਈਵੇਟ ਮੈਂਬਰ ਦਾ ਬਿੱਲ, ਦਲ ਬਦਲੀ ਵਿਰੁੱਧ, ਪੇਸ਼ ਕਰਨ ਤੇ ਨਤੀਜੇ ਦੇ ਤੌਰ ਤੇ ਕਾਂਗਰਸ ਦਾ ਕਿਰਦਾਰ ਨੰਗਾ ਕਰਨ, ਨਹੀਂ ਤਾਂ ਉਹ ਵੀ ਬਰਾਬਰ ਦੇ ਦੋਸ਼ੀ ਹਨ। ਕੀ ਉਹਨਾਂ 'ਚੋਂ ਵੀ ਕਈਆਂ ਨੇ ਆਪਣੀ ਕੀਮਤ ਪਵਾਣ ਦੀ ਆਸ ਲਾਈ ਹੋਈ ਹੈ?

ਅੱਜ ਕੇਂਦਰੀ ਸਰਕਾਰ ਵਿਰੁੱਧ ਕਈ ਤਰ੍ਹਾਂ ਦੇ ਇਲਜ਼ਾਮ ਲਾਏ ਜਾ ਰਹੇ ਹਨ । ਇੱਕ ਵਿਚਾਰ ਇਹ ਹੈ ਕਿ ਮਾਣਮੱਤੇ, ਸ਼ਕਤੀਸ਼ਾਲੀ ਪੰਜਾਬੀ ਲੋਕਾਂ ਨੂੰ ਨੀਵਾਂ ਦਿਖਾ ਕੇ ਕੇਂਦਰ ਬਾਕੀ ਦੇ ਸੂਬਿਆਂ ਦੇ ਸਾਊ ਲੋਕਾਂ ਨੂੰ ਸਬਕ ਦੇ ਰਿਹਾ ਹੈ। ਦੂਜਾ ਵਿਚਾਰ ਹੈ ਕਿ ਪੰਜਾਬ ਵਿੱਚ ਫੌਜੀ ਕਾਰਵਾਈ ਅਤੇ ਲੰਮਾ ਫੌਜੀ ਰਾਜ ਕਿਸੇ ਆਉਣ ਵਾਲੇ ਕਾਲੇ ਭਵਿੱਖ ਦਾ ਤਜਰਬਾ ਹੈ। ਰੱਬ ਕਰੇ ਇਹ ਇਲਜ਼ਾਮ ਗਲਤ ਹੋਣ ਪਰ ਕੇਂਦਰੀ ਸਰਕਾਰ ਇਨ੍ਹਾਂ ਇਲਜ਼ਾਮਾਂ ਤੋਂ ਤਾਂ ਹੀ ਬਰੀ ਹੋ ਸਕਦੀ ਹੈ ਜੇ ਉਹ ਪੰਜਾਬ ਦੇ ਹਾਲਾਤ ਨੂੰ ਸਾਵੇਂ ਬਣਾਨ ਲਈ ਤੁਰੰਤ ਲੋੜੀਂਦੇ ਕਦਮ ਚੁੱਕੇ। ਹੇਠਾਂ ਕੁੱਝ ਸੁਝਾਅ ਹਾਜ਼ਰ ਹਨ:

1. ਫੌਜ ਜਲਦੀ ਤੋਂ ਜਲਦੀ ਵਾਪਸ ਬੁਲਾਈ ਜਾਵੇ ਅਤੇ ਲੋਕਰਾਜ ਬਹਾਲ ਕੀਤਾ ਜਾਵੇ । (2) ਪੁਲਸੀ ਤਾਨਾਸ਼ਾਹੀ, ਅਫਸਰਸ਼ਾਹੀ, ਰਾਜਸੀ ਅਤੇ ਪ੍ਰਬੰਧਕੀ ਜੀਵਨ 'ਚੋਂ ਰਿਸ਼ਵਤ ਖੋਰੀ ਦੇ ਮਾਰੂ ਜਾਲ ਵਿਰੁੱਧ ਸਖਤ ਕਦਮ ਚੁੱਕੇ ਜਾਣ, ਤਾਂ ਹੀ ਪ੍ਰਬੰਧਕੀ ਢਾਂਚੇ ਵਿੱਚ ਲੋਕਾਂ ਦਾ ਵਿਸ਼ਵਾਸ਼ ਬਹਾਲ ਹੋ ਸਕੇਗਾ। (3) ਕੇਂਦਰੀ ਸਰਕਾਰ ਇੱਕ ਪਾਸੜ ਤੌਰ ਤੇ ਹੀ ਪੰਜਾਬ ਦੀਆਂ ਸਾਂਝੀਆਂ ਹੱਕੀ ਮੰਗਾਂ ਮੰਨਣ ਦਾ ਐਲਾਨ ਕਰੇ ਤਾਂ ਕਿ ਡੂੰਘੇ ਜ਼ਖਮਾਂ ਉਤੇ ਅੰਗੂਰ ਆਣ ਦਾ ਲੰਮਾ ਅਮਲ ਸ਼ੁਰੂ ਹੋ ਸਕੇ ।

ਪੰਜਾਬ ਦੀ ਹਿੰਦੂ ਵਸੋਂ ਦਾ ਦੁੱਖ ਸੁੱਖ ਅਤੇ ਭਵਿੱਖ ਪੰਜਾਬ ਦੇ ਬਾਕੀ ਲੋਕਾਂ ਨਾਲ ਹੀ ਬੰਨ੍ਹਿਆ ਹੋਇਆ ਹੈ। ਉਨ੍ਹਾਂ ਨੂੰ ਪੰਜਾਬ ਅਤੇ ਮਾਂ-ਬੋਲੀ ਪੰਜਾਬੀ ਨਾਲੋਂ ਆਪਣਾ ਮੋਹ ਕਿਸੇ ਵੀ ਕਾਰਨ ਤੋੜਨਾ ਨਹੀਂ ਚਾਹੀਦਾ। ਕੁੱਝ ਕੱਟੜ ਆਰੀਆ ਸਮਾਜੀ ਅਖਬਾਰਾਂ ਵਾਲਿਆਂ ਨੇ ਤਾਂ ਆਪਣਾ ਤੋਰੀ-ਫੁਲਕਾ ਚਲਾਣਾ ਹੈ, ਉਨ੍ਹਾਂ ਦੇ ਪਿੱਛੇ ਲੱਗ ਕੇ ਪੰਜਾਬੀ ਹਿੰਦੂ ਦਾ ਭਵਿੱਖ ਰੋਸ਼ਨ ਨਹੀਂ ਹੁੰਦਾ। ਉਨ੍ਹਾਂ ਨੂੰ ਦਿੱਲੀ ਵੱਲ ਝਾਕਣ ਦੀ ਗੈਰ ਕੁਦਰਤੀ ਆਦਤ ਛੱਡ ਦੇਣੀ ਚਾਹੀਦੀ ਹੈ; ਦਿੱਲੀ ਸਿਰਫ ਉਨ੍ਹਾਂ ਦੀ ਵੋਟ ਚਾਹੁੰਦੀ ਹੈ, ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਹੱਲ ਨਹੀਂ। ਇਹ ਵੋਟ ਰਾਖਵੀਂ ਕਰਨ ਲਈ ਦਿੱਲੀ ਭਵਿੱਖ ਵਿੱਚ ਵੀ ਸਮੇਂ ਸਮੇਂ ਵੱਖਰੇ ਵੱਖਰੇ ਡਰਾਉਣੇ ਅੱਤਵਾਦ ਖੜ੍ਹੇ ਕਰੇਗੀ । ਅੱਜ ਲੋਕਾਂ ਨੂੰ ਆਪਣੇ 'ਸਿਆਸੀ ਰਾਖਿਆਂ' ਦੀਆਂ ਚਾਲਾਂ ਨੂੰ ਸਮਝਣ ਦੀ ਲੋੜ ਹੈ, ਨਹੀਂ ਤਾਂ ਉਹ ਗਰੀਬ ਰੰਡੀ ਦਾ ਪੁੱਤ ਮਰਵਾ ਕੇ ਵੀ ਮਾਂ ਦੀ ਵੋਟ ਪੱਕੀ ਕਰਨ ਤੋਂ ਨਹੀਂ ਸੰਗਦੇ ।

ਦੁੱਖ ਦੀ ਇਸ ਘੜੀ ਪੰਜਾਬੀ ਲੋਕ ਆਪਣੇ ਤੋਂ ਦੂਜੇ ਧਰਮ ਦੇ ਭਰਾਵਾਂ ਦੇ ਜ਼ਖਮਾਂ ਉਤੇ ਮੁਹੱਬਤ ਦੀ ਮੱਲ੍ਹਮ ਲਾਣ ਦਾ ਉਪਰਾਲਾ ਕਰਨ। ਪਿਛਲੇ ਸਮੇਂ ਵਿੱਚ ਹੋਈਆਂ ਕੁੱਝ ਗ਼ਲਤੀਆਂ ਵੱਲ ਪਿੱਠ ਕਰਕੇ ਪੰਜਾਬ ਅਤੇ ਪੰਜਾਬੀ ਦੀ ਸੇਵਾ ਲਈ ਸਾਂਝੇ ਲੋਕ-ਸੰਘਰਸ਼ਾਂ ਵਿੱਚ ਮੋਹਰੀ ਹੋ ਕੇ ਹਿੱਸਾ ਪਾਣ; ਤਾਂ ਹੀ ਪੰਜਾਬ ਆਪਣੀਆਂ ਸੰਭਾਵਨਾਵਾਂ ਦੀਆਂ ਸਿਖਰਾਂ ਛੋਹ ਸਕੇਗਾ ।

ਪਸਤੌਲ ਲਾਹੌਰ ਤੋਂ ਮਿਲਣ ਦਾ ਇਕਬਾਲ

ਨਵੀਂ ਦਿੱਲੀ — ਭਾਰਤੀ ਜਹਾਜ਼ ਨੂੰ ਅਗਵਾ ਕਰਕੇ ਡੁਬਈ ਲਿਜਾਣ ਵਾਲੇ ਸੱਤ ਬੰਦਿਆਂ ਨੇ ਮੰਨਿਆ ਹੈ ਕਿ ਲਾਹੌਰ ਹਵਾਈ ਅੱਡੇ ਉਤੇ ਉਹਨਾਂ ਨੂੰ ਪਸਤੌਲ ਦਿਤਾ ਗਿਆ ।

ਕੇਂਦਰੀ ਪੜਤਾਲੀਆ ਬਯੂਰੋ ਵਲੋਂ ਪਿਛਲੇ ਕੁਝ ਦਿਨਾਂ ਤੋਂ ਕੀਤੀ ਜਾ ਰਹੀ ਪੁਛਗਿਛ ਦੌਰਾਨ ਇੰਕਸ਼ਾਫ ਹੋਇਆ ਹੈ ਕਿ ਅਗਵਾਕਾਰਾਂ ਦਾ ਆਗੂ ਕਮਲਜੀਤ ਸੰਧੂ ਜਹਾਜ਼ ਦੇ ਲਾਹੌਰ ਉਤਰਦਿਆਂ ਹੀ ਉਸ ਵਿਚ ਬਾਹਰ ਨਿਕਲ ਆਇਆ । ਸਲਵਾਰ-ਕਮੀਜ਼ ਵਾਲੇ ਇਕ ਲੰਮੇ ਬੰਦੇ ਨੇ ਉਸ ਨੂੰ ਹਵਾਈ ਅੱਡੇ ਉਤੇ ਪਿਸਤੌਲ ਦਿਤਾ ਅਤੇ ਉਹ ਤੁਰੰਤ ਜਹਾਜ਼ ਵਿਚ ਪਰਤ ਆਇਆ। ਅੰਦਰ ਆ ਕੇ ਉਸ ਨੇ ਮੁਸਾਫਰਾਂ ਨੂੰ ਡਰਾਉਣ ਲਈ ਪਿਸਤੌਲ ਘੁਮਾਇਆ ।

• ਉਬਾਸੀ

ਪਤਨੀ ਨੇ ਪਤੀ ਤੇ ਵਰ੍ਹਦੇ ਹੋਏ ਕਿਹਾ - "ਕੋਈ ਹੱਦ ਹੁੰਦੀ ਏ। ਤੂੰ ਮੇਰੇ ਤੇ ਦੀਦੀ ਦੀ ਗੱਲਬਾਤ 'ਚ ਸੱਤ ਵਾਰ ਉਬਾਸੀ ਲਈ ਸੀ ।"

ਸੀ. ਬੀ. ਆਈ. ਦੇ ਸੂਤਰਾਂ ਨੇ ਯੂ. ਐਨ. ਆਈ ਨੂੰ ਦੱਸਿਆ ਕਿ ਹਿੰਦ ਨੇ ਸੰਯੁਕਤ ਅਰਬ ਅਮੀਰਾਤ ਦੀ ਸਰਕਾਰ ਨੂੰ ਉਹ ਪਸਤੌਲ ਮੋੜਨ ਦੀ ਬੇਨਤੀ ਕੀਤੀ ਹੈ ।

ਭਾਰਤ ਦਰਪਣ

ਰਾਮਾਰਾਓ ਆਂਧਰਾ ਪ੍ਰਦੇਸ ਦੇ ਮੁੜ ਮੁੱਖ ਮੰਤਰੀ ਬਣੇ

ਵਿਰੋਧੀ ਪਾਰਟੀਆਂ ਦੇ ਏਕੇ ਪਹਿਲੀ ਜਿੱਤ

ਹੈਦਰਾਬਾਦ - ਆਂਧਰਾ ਪ੍ਰਦੇਸ਼ ਵਿੱਚ ਵਿਰੋਧੀ ਪਾਰਟੀਆਂ ਦੇ ਏਕੇ ਨੇ ਐਨ. ਟੀ. ਰਾਮਾਰਾਓ ਦੀ ਸਰਕਾਰ ਦੀ ਬਹਾਲੀ ਵਿੱਚ ਅਹਿਮ ਹਿਸਾ ਪਾਇਆ ਜਿਸ ਕਾਰਨ ਰਾਮਾਰਾਓ ਕੇਵਲ ਮੁੱਖ ਮੰਤਰੀ ਹੀ ਨਹੀਂ ਬਣੇ ਸਗੋਂ 171 ਮੈਂਬਰਾਂ ਦੀ ਹਮਾਇਤ ਹਾਸਲ ਕਰਕੇ ਅੱਗੇ ਨਾਲੋਂ ਵੀ ਮਜ਼ਬੂਤ ਸਰਕਾਰ ਬਣਾਉਣ ਵਿੱਚ ਕਾਮਯਾਬ ਹੋਏ ਹਨ।

ਅਸੈਂਬਲੀ ਵਿੱਚ ਵੋਟਾਂ ਪਾਉਣ ਸਮੇਂ ਭਾਸਕਰ ਰਾਓ ਧੜਾ, ਮਜਲਿਸ ਅਤੇ ਕਾਂਗਰਸੀ ਮੈਂਬਰ ਵਾਕਆਊਟ ਕਰ ਗਏ। ਉਸ ਤੋਂ ਪਹਿਲਾਂ 40 ਮਿੰਟ ਸਦਨ ਵਿੱਚ ਹੰਗਾਮਾ ਹੁੰਦਾ ਰਿਹਾ ਜਿਸ ਵਿੱਚ ਅਸੈਂਬਲੀ ਵਿੱਚ ਪਏ ਮੇਜ਼ ਕੁਰਸੀਆਂ ਤੋੜ ਦਿੱਤੇ ਗਏ ਅਤੇ ਸਪੀਕਰਾਂ ਦੀਆਂ ਤਾਰਾਂ ਕੱਟ ਦਿੱਤੀਆਂ ਗਈਆਂ।

ਰਾਮਾਰਾਓ ਸਰਕਾਰ ਦੀ ਮੱਦਦ ਸੀ. ਪੀ. ਐਮ., ਸੀ. ਪੀ. ਆਈ., ਜਨਤਾ, ਭਾਰਤੀ ਜਨਤਾ ਪਾਰਟੀ ਅਤੇ ਤੇਲਗੂ ਦੇਸ਼ਮ ਪਾਰਟੀ ਦੇ ਮੈਂਬਰਾਂ ਨੇ ਕੀਤੀ।

ਆਂਧਰਾ ਪ੍ਰਦੇਸ਼ ਦੇ ਨਵੇਂ ਸਪੀਕਰ ਐਨ. ਵੈਕਟਰਤਨਮ ਚੁਣੇ ਗਏ। ਸਭ ਤੋਂ ਵੱਧ ਹੈਰਾਨੀ ਉਸ ਸਮੇਂ ਹੋਈ ਜਦੋਂ ਭਾਸਕਰ ਰਾਓ ਧੜੇ ਦਾ ਭੀਮਾ ਰੈਡੀ (ਸਾਬਕਾ ਡਿਪਟੀ ਸਪੀਕਰ) ਹਾਊਸ ਵਿੱਚ ਹੀ ਬੈਠਾ ਰਿਹਾ ਤੇ ਉਸ ਨੇ ਰਾਮਾਰਾਓ ਦੇ ਹੱਕ ਵਿੱਚ ਵੋਟ ਪਾਈ।

ਭਾਸਕਰ ਰਾਓ ਧੜੇ ਵੱਲੋਂ 'ਮੁੱਖ ਮੰਤਰੀ' ਬਣੇ ਰਹਿਣ ਦਾ ਡਰਾਮਾ

ਸਭ ਤੋਂ ਵੱਧ ਦਿਲਚਸਪ ਘਟਨਾ ਉਸ ਸਮੇਂ ਵਾਪਰੀ ਜਦੋਂ ਭਾਸਕਰ ਰਾਓ, ਮੁਸਲਿਮ ਮਜਲਿਸ ਤੇ ਕਾਂਗਰਸੀ ਮੈਂਬਰ ਸਦਨ ਵਿੱਚ ਵਾਪਸ ਆਏ ਤਾਂ ਵੋਟਾਂ ਪੈ ਚੁੱਕੀਆਂ ਸਨ। ਸਪੀਕਰ ਨੇ ਭਾਸਕਰ ਰਾਓ ਨੂੰ ਕਿਹਾ, "ਜਨਾਬ! ਨਤੀਜਾ ਤਾਂ ਪਹਿਲਾਂ ਹੀ ਸੁਣਾਇਆ ਜਾ ਚੁੱਕਿਆ ਹੈ।" ਸਪੀਕਰ ਨੇ ਸਦਨ ਉਸੇ ਸਮੇਂ ਉਠਾ ਦਿੱਤਾ ਪਰ ਭਾਸਕਰ ਰਾਓ ਧੜੇ ਨੇ ਕਿਹਾ ਕਿ ਭਾਸਕਰ ਰਾਓ ਨਾਲ 163 ਮੈਂਬਰ ਹਨ ਅਤੇ ਉਹ "ਹਾਊਸ ਲੀਡਰ" ਹੈ। ਭਾਸਕਰ ਰਾਓ ਬਿਲਕੁੱਲ 'ਮੁੱਖ ਮੰਤਰੀ' ਵਾਂਗ ਪੱਤਰਕਾਰਾਂ ਨਾਲ ਗੱਲ ਕਰ ਰਿਹਾ ਸੀ।

ਕਾਂਗਰਸ ਪਾਰਟੀ ਦੇ ਲੀਡਰ ਮਦਨ ਮੋਹਨ ਨੇ ਕਿਹਾ ਕਿ ਗਵਰਨਰ ਨੇ ਮੁੱਖ ਮੰਤਰੀ ਦਾ ਆਹੁਦਾ ਰਾਮਾਰਾਓ ਨੂੰ 'ਚਾਂਦੀ ਦੀ ਤਸ਼ਤਰੀ' ਤੇ ਰੱਖ ਕੇ ਭੇਂਟ ਕਰ ਦਿੱਤਾ ਹੈ। ਉਸ ਤੋਂ ਪਹਿਲਾਂ ਮਦਨ ਮੋਹਨ ਤੇ ਭਾਸਕਰ ਰਾਓ ਗਵਰਨਰ ਨੂੰ ਵੀ ਮਿਲੇ ਸਨ ਤੇ ਉਨ੍ਹਾਂ ਨੇ ਦੋਸ਼ ਲਾਇਆ ਸੀ ਕਿ ਰਾਮਾਰਾਓ ਨੂੰ ਬਹੁਮੱਤ ਪ੍ਰਾਪਤ ਨਹੀਂ ਹੈ।


ਸਾਡੇ ਪੱਤਰ ਪ੍ਰੇਰਕ ਅਨੁਸਾਰ ਭਾਸਕਰ ਰਾਓ ਦੇ ਧੜੇ ਦੇ ਬੰਦੇ ਇਹ ਮਹਿਸੂਸ ਕਰਦੇ ਸਨ ਕਿ 'ਚੰਗਾ ਹੋਇਆ ਜਾਨ ਛੁੱਟੀ' ਪਰ ਮਦਨ ਮੋਹਨ ਦਾ ਕਾਂਗਰਸੀ ਧੜਾ ਕਾਫੀ ਔਖਾ ਸੀ ਜਿਸ ਤੋਂ ਪੱਤਰ ਪ੍ਰੇਰਕ ਦਾ ਅਨੁਮਾਨ ਹੈ ਕਿ ਇਹ ਸਾਰੀ 'ਸਾਜ਼ਿਸ਼' ਆਂਧਰਾ ਪ੍ਰਦੇਸ਼ ਦੇ ਕਾਂਗਰਸੀਆਂ ਦੀ ਹੀ ਸੀ।

'ਫੌਜੀ ਜ਼ੁਲਮਾਂ' ਵਿਰੁੱਧ ਕਮਿਸ਼ਨ ਬਿਠਾਉਣ ਤੋਂ ਸੁਪ੍ਰੀਮ ਕੋਰਟ ਦਾ ਇਨਕਾਰ

ਨਵੀਂ ਦਿੱਲੀ - ਅਕਾਲੀ ਦਲ ਦੇ ਦੋ ਸਾਬਕਾ ਵਜ਼ੀਰਾਂ ਨੇ ਸੁਪਰੀਮ ਕੋਰਟ ਵਿੱਚ ਰਿਟ ਕੀਤੀ ਸੀ ਕਿ ਪੰਜਾਬ ਵਿੱਚ 'ਫੌਜੀ ਜ਼ੁਲਮ' ਦੀ ਪੜਤਾਲ ਲਈ ਇੱਕ ਕਮਿਸ਼ਨ ਬਣਾਇਆ ਜਾਵੇ ਜੋ ਫੌਜ ਵੱਲੋਂ ਕੀਤੇ ਗਏ 'ਜ਼ੁਲਮ' ਦੀ ਤਫਤੀਸ਼ ਕਰੇ ਇਹ ਰਿੱਟ ਬਲਵਿੰਦਰ ਸਿੰਘ ਤੇ ਸਵਰਨ ਸਿੰਘ ਵੱਲੋਂ ਕੀਤੀ ਗਈ ਸੀ। ਚੀਫ ਜਸਟਿਸ ਤੇ ਦੋ ਜੱਜਾਂ ਤੇ ਆਧਾਰਤ ਬੈਂਚ ਨੂੰ ਰਿਟ ਨੇ ਰੱਦ ਕਰ ਦਿੱਤਾ।

ਜਸਟਿਸ ਡਿਸਾਈ ਨੇ ਦੋਵਾਂ ਸਾਬਕਾ ਵਜ਼ੀਰਾਂ ਵੱਲੋਂ ਪੇਸ਼ ਹੋਏ ਵਕੀਲ ਆਰ. ਐਸ. ਨਰੂਲਾ ਨੂੰ ਪੁੱਛਿਆ ਕਿ ਅੱਤਵਾਦੀਆਂ ਨੇ ਹੁਣੇ ਜਿਹੇ ਕਿੰਨੇ ਹੋਰ ਵਿਅਕਤੀ ਕਤਲ ਕੀਤੇ ਹਨ।

ਪਟੀਸ਼ਨ ਵਿੱਚ ਕਿਹਾ ਗਿਆ ਸੀ ਕਿ 16-35 ਸਾਲ ਦੇ ਵਿਅਕਤੀ ਪੁਲਿਸ ਅਤੇ ਫੌਜ ਵੱਲੋਂ ਪੰਜਾਬ ਵਿੱਚ ਮਾਰੇ ਜਾ ਰਹੇ ਹਨ ਅਤੇ ਸਿੱਖਾਂ ਦੀ ਬੇਹੁਰਮਤੀ ਕੀਤੀ ਜਾਂਦੀ ਹੈ। ਪਟੀਸ਼ਨ ਵਿੱਚ ਗੁਰਦੁਆਰਿਆਂ ਦਾ ਪ੍ਰਬੰਧ ਵੀ ਗੁਰਦੁਆਰਾ ਕਮੇਟੀਆਂ ਨੂੰ ਸੰਭਾਲਣ ਦੀ ਬੇਨਤੀ ਕੀਤੀ ਗਈ ਸੀ।



ਆਂਧਰਾ ਦੇ ਮੁੱਖ ਮੰਤਰੀ ਐਨ. ਟੀ. ਰਾਮਾਰਾਓ ਸਹੁੰ ਚੁੱਕਣ ਤੋਂ ਬਾਅਦ ਜਲੂਸ ਵਿਚ ਲਿਜਾਏ ਗਏ।

ਕੇਂਦਰ ਵਿਚ ਕੁਲੀਸ਼ਨ ਸਰਕਾਰ ਬਨਾਉਣ ਦੀ ਚਰਚਾ

ਡਿਸਾਈ ਨੇ ਵਾਜਪਾਈ ਦਾ ਸਮਰਥਨ ਕੀਤਾ

ਨਵੀਂ ਦਿੱਲੀ — ਸਾਬਕਾ ਪ੍ਰਧਾਨ ਮੰਤਰੀ ਮੁਰਾਰਜੀ ਡਿਸਾਈ ਨੇ ਭਾਰਤੀ ਜਨਤਾ ਪਾਰਟੀ ਦੇ ਲੀਡਰ ਵਾਜਪਾਈ ਦਾ ਸਮਰਥਨ ਕਰਦਿਆਂ ਕਿਹਾ ਹੈ ਕਿ ਕੇਂਦਰ ਵਿਚ ਆਮ ਚੋਣਾਂ ਪਿਛੋਂ ਕੁਲੀਸ਼ਨ ਸਰਕਾਰ ਬਣਾਈ ਜਾਵੇ। ਸ੍ਰੀ ਡਿਸਾਈ ਨੇ ਕਿਹਾ ਕਿ ਜੰਮੂ ਕਸ਼ਮੀਰ ਅਤੇ ਆਂਧਰਾ ਪ੍ਰਦੇਸ਼ ਦੀਆਂ ਘਟਨਾਵਾਂ ਨੇ ਦੱਸ ਦਿੱਤਾ ਹੈ ਕਿ ਆਮ ਚੋਣਾਂ ਵਿਚ ਇੰਦਰਾ ਕਾਂਗਰਸ ਬੁਰੀ ਤਰ੍ਹਾਂ ਹਾਰੇਗੀ ਅਤੇ ਵਿਰੋਧੀ ਪਾਰਟੀਆਂ ਨੂੰ ਵੱਧ ਸੀਟਾਂ ਮਿਲਣਗੀਆਂ।

ਸ੍ਰੀ ਡਿਸਾਈ ਨੇ ਕਿਹਾ ਕਿ ਸ੍ਰੀਮਤੀ ਗਾਂਧੀ ਚੋਣਾਂ ਨਹੀਂ ਜਿੱਤ ਸਕੇਗੀ ਪਰ ਹੋਰ ਵੀ ਕੋਈ ਪਾਰਟੀ ਇਕੱਲੇ ਤੌਰ ਤੇ ਬਹੁਮੱਤ ਨਹੀਂ ਜਿੱਤ ਸਕਦੀ, ਇਸ ਲਈ ਕੁਲੀਸ਼ਨ ਸਰਕਾਰ ਹੀ ਲੋਕਾਂ ਦਾ ਭਲਾ ਕਰ ਸਕੇਗੀ। ਸਾਡੇ ਪੱਤਰਪ੍ਰੇਰਕ ਅਨੁਸਾਰ ਸ੍ਰੀ ਡਿਸਾਈ ਅਸਲ ਵਿਚ ਚਰਨ ਸਿੰਘ ਵਲੋਂ ਦਿਤੇ ਨਾਅਰੇ 'ਇਕ ਪਾਰਟੀ, ਇਕ ਲੀਡਰ, ਇਕ ਝੰਡਾ' ਦਾ ਵਿਰੋਧ ਕਰ ਰਹੇ ਸਨ ਕਿਉਂਕਿ ਲੋਕ ਦਲ ਨੇਤਾ ਤੇ ਸਾਬਕਾ ਪ੍ਰਧਾਨ ਮੰਤਰੀ ਚਰਨ ਸਿੰਘ ਨੇ ਕਿਹਾ ਕਿ ਕਾਂਗਰਸ ਨੂੰ ਹਰਾਉਣ ਲਈ ਸਾਰੀਆਂ ਵਿਰੋਧੀ ਪਾਰਟੀਆਂ ਤੋੜ ਕੇ ਇਕ ਪਾਰਟੀ ਬਣਾ ਦਿਤੀ ਜਾਏ। ਸ੍ਰੀ ਡਿਸਾਈ ਨੇ ਕਿਹਾ ਕਿ ਅਜੇ ਅਜੇਹਾ ਸਮਾਂ ਨਹੀਂ ਆਇਆ। ਉਨ੍ਹਾਂ ਕਿਹਾ ਕਿ ਸੂਬਾਈ ਪਾਰਟੀਆਂ ਜਿਵੇਂ ਤੇਲਗੂ ਦੇਸ਼ਮ, ਡੀ. ਐਮ. ਕੇ. ਅਕਾਲੀ ਦਲ, ਨੈਸ਼ਨਲ ਕਾਨਫਰੰਸ ਆਦਿ ਬਹੁਤੀ ਦੇਰ ਨਹੀਂ ਚਲ ਸਕਦੀਆਂ। ਇਹ ਤਾਂ ਹਾਲਾਤ ਦੀ ਹੀ ਪੈਦਾਵਰ ਹਨ। ਆਖਰ ਦੋ ਪਾਰਟੀ ਸਿਸਟਮ ਹੀ ਭਾਰਤ ਲਈ ਲਾਹੇਵੰਦ ਰਹੇਗਾ।

ਡਿਸਾਈ ਨੇ ਸਾਫ ਸ਼ਬਦਾਂ ਵਿਚ ਕਿਹਾ ਕਿ ਉਨ੍ਹਾਂ ਨੇ 1979 ਵਿਚ ਹੀ ਫੈਸਲਾ ਕਰ ਲਿਆ ਸੀ ਕਿ ਉਹ ਮੁੜ ਲੋਕ ਸਭਾ ਚੋਣਾਂ ਨਹੀਂ ਲੜਨਗੇ ਇਸ ਲਈ ਕਿਸੇ ਅਹੁਦੇ ਲਈ ਖੜ੍ਹਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸ੍ਰੀ ਡਿਸਾਈ ਨੇ ਕਿਹਾ ਕਿ ਉਹ ਕਿਸੇ ਰਾਜਸੀ ਪਾਰਟੀ ਦੇ ਅਹੁਦੇ ਦੇ ਵੀ ਇਛਕ ਨਹੀਂ ਪਰ ਉਹ ਸਿਆਸਤ ਵਿਚ ਜ਼ਰੂਰ ਰਹਿਣਗੇ।

ਤਰੀਪੁਰਾ 'ਚ ਵਜ਼ਾਰਤ ਤੋੜਨ ਦੇ ਬਹਾਨੇ ਲੱਭੇ ਜਾਣ ਲੱਗੇ

ਨਵੀਂ ਦਿੱਲੀ - ਆਂਧਰਾ ਪ੍ਰਦੇਸ਼ ਵਿੱਚ ਮੂੰਹ ਦੀ ਖਾਣ ਪਿਛੋਂ ਹੁਣ ਕੇਂਦਰ ਸਰਕਾਰ ਤਰੀਪੁਰਾ ਅਸੈਂਬਲੀ ਤੋੜਨ ਦੇ ਯਤਨਾਂ ਵਿੱਚ ਹੈ। ਸਾਡੇ ਪੱਤਰ ਪ੍ਰੇਰਕ ਅਨੁਸਾਰ ਗ੍ਰਹਿ ਮੰਤਰਾਲਾ ਇਹ ਬਹਾਨੇ ਢੂੰਡ ਰਿਹਾ ਹੈ ਕਿ ਕਿਸੇ ਤਰ੍ਹਾਂ ਸੀ. ਪੀ. ਐਮ. ਦੇ ਅਗਵਾਈ ਥੱਲੇ ਕੰਮ ਕਰ ਰਹੀ ਤਰੀਪੁਰਾ ਦੀ ਸਰਕਾਰ ਤੋੜੀ ਜਾਵੇ। ਬਹਾਨਾ ਇਹ ਬਣਾਇਆ ਜਾ ਰਿਹਾ ਹੈ ਕਿ ਅਤਿਵਾਦੀਆਂ ਦੀਆਂ ਕਾਰਵਾਈਆਂ ਤਰੀਪੁਰਾ ਵਿੱਚ ਤੇਜ਼ ਹੋ ਗਈਆਂ ਹਨ ਅਤੇ ਸੂਬਾ ਸਰਕਾਰ ਕਾਨੂੰਨ ਦੀ ਰੱਖਿਆ ਕਰਨ ਵਿੱਚ ਅਸਫਲ ਰਹੀ ਹੈ।

ਗ੍ਰਹਿ ਮੰਤਰਾਲੇ ਵੱਲੋਂ ਇਹ ਵੀ ਦੋਸ਼ ਲਾਇਆ ਜਾ ਰਿਹਾ ਹੈ ਕਿ ਤਰੀਪੁਰਾ ਦੇ ਮੁੱਖ ਮੰਤਰੀ ਵਿਰਪੇਨ ਚੱਕਰਵਰਤੀ ਇੱਕ ਪਾਸੇ ਹੋਰ ਬਟਾਲੀਅਨਾਂ ਦੀ ਮੰਗ ਕਰ ਰਹੇ ਹਨ, ਦੂਜੇ ਪਾਸੇ ਨਾਂ ਤਾਂ ਤਰੀਪੁਰਾ ਨੈਸ਼ਨਲ ਵਲੰਟੀਅਰਜ਼ ਤੇ ਪਾਬੰਦੀ ਲਾਉਣ ਲਈ ਰਜ਼ਾਮੰਦ ਹੋ ਰਹੇ ਹਨ ਅਤੇ ਨਾ ਹੀ ਦੱਖਣੀ ਹਿਸੇ ਨੂੰ 'ਗੜਬੜ ਵਾਲਾ ਇਲਾਕਾ' ਕਰਾਰ ਦੇਣ ਲਈ ਰਜ਼ਾਮੰਦ ਹਨ। ਦੱਖਣੀ ਭਾਗਾਂ ਵਿੱਚ ਦਹਿਸ਼ਤਪਸੰਦ ਕਾਰਵਾਈਆਂ ਦਾ ਜ਼ੋਰ ਦੱਸਿਆ ਜਾਂਦਾ ਹੈ।

ਹੁਣ ਤੱਕ ਦਹਿਸ਼ਤ ਪਸੰਦਾਂ ਵੱਲੋਂ 19 ਫੌਜੀ ਅਤੇ 45 ਵਿਅਕਤੀ ਕਤਲ ਕੀਤੇ ਜਾ ਚੁੱਕੇ ਹਨ। ਦਹਿਸ਼ਤਪਸੰਦ ਕਾਰਵਾਈਆਂ ਲਈ ਤਰੀਪੁਰਾ ਨੈਸ਼ਨਲ ਵਲੰਟੀਅਰਜ਼ ਦਾ ਹੱਥ ਦੱਸਿਆ ਜਾਂਦਾ ਹੈ। ਇਹ ਦਹਿਸ਼ਤ ਪਸੰਦ ਕਾਰਵਾਈਆਂ ਪਹਿਲਾਂ ਬੰਗਲਾ ਦੇਸ਼ ਦੀ ਮੱਦਦ ਨਾਲ ਕੀਤੀਆਂ ਜਾਂਦੀਆਂ ਦੱਸੀਆਂ ਗਈਆਂ ਹਨ। ਦਹਿਸ਼ਤਪਸੰਦਾਂ ਨੇ 'ਆਜ਼ਾਦ ਤਰੀਪੁਰਾ' ਨਾਂ ਦਾ ਅਖੌਤੀ ਇਲਾਕਾ ਵੀ ਘੋਸ਼ਿਤ ਕਰ ਰੱਖਿਆ ਹੈ ਤੇ 'ਖਾਲਿਸਤਾਨ' ਵਾਂਗ ਅਖੌਤੀ 'ਸਰਕਾਰ' ਵੀ ਬਣਾ ਲਈ ਹੋਈ ਹੈ ਜਿਹੜੀ ਕਿ ਬੰਗਲਾ ਦੇਸ਼ ਦੇ ਇਲਾਕੇ ਵਿੱਚੋਂ 'ਕੰਮ' ਕਰ ਰਹੀ ਹੈ।

ਸਾ ਹਿ ਤ ਦ ਰ ਪ ਣ

ਕਹਾਣੀ:

ਸਮੇਂ ਦਾ ਸੱਚ

☐ ਲੇਖਕ: ਯੁਵਰਾਜ ਸਿੰਘ ਰਤਨ

ਦੇਵ ਤੇ ਸ਼ੀਤਲ ਆਪਣੇ ਨਜ਼ਦੀਕੀ ਰਿਸ਼ਤੇਦਾਰ ਨੂੰ ਹਵਾਈ ਅੱਡੇ ਤੋਂ ਲੈਣ ਜਾ ਰਹੇ ਸਨ। ਉਹ ਮਹਿਮਾਨ ਅੱਜ ਪੂਰੇ ਬਾਰਾਂ ਸਾਲਾਂ ਮਗਰੋਂ ਦੇਵ ਤੇ ਸ਼ੀਤਲ ਨੂੰ ਮਿਲਣ ਆ ਰਿਹਾ ਸੀ। ਦੋਹਾਂ ਨੂੰ ਅੱਜ ਅੰਤਾਂ ਦੀ ਖੁਸ਼ੀ ਸੀ। ਉਨ੍ਹਾਂ ਦਾ ਰਿਸ਼ਤੇਦਾਰ ਯੂਰਪ ਦੇ ਦੌਰੇ ਤੇ ਕੰਪਨੀ ਦੇ ਕਿਸੇ ਕੰਮ ਆ ਰਿਹਾ ਸੀ। ਇਸੇ ਸਬੱਬ ਸਦਕਾ ਅੱਜ ਦੇਵ ਤੇ ਸ਼ੀਤਲ ਨੂੰ ਵੀ ਮਿਲ ਰਿਹਾ ਸੀ। ਦੋਹਾਂ ਨੇ ਮਹਿਮਾਸਨ ਦਾ ਨਿੱਘਾ ਸੁਆਗਤ ਕੀਤਾ ਅਤੇ ਘਰ ਨੂੰ ਚੱਲ ਪਏ।

ਘਰ ਆਉਣ ਤੇ ਦੇਵ ਦੀ ਘਰਵਾਲੀ ਸ਼ੀਤਲ ਆਏ ਪ੍ਰਾਹੁਣੇ ਦੀ ਸੇਵਾ ਵਿੱਚ ਘਰ ਦੇ ਆਹਰ ਵਿੱਚ ਰੁੱਝ ਗਈ ਸੀ। ਪਿਛਲੇ ਬਾਰਾਂ ਸਾਲਾਂ ਦੇ ਲੰਮੇ ਅਰਸੇ ਵਿੱਚ ਜੋ ਗਮੀਆਂ ਖੁਸ਼ੀਆਂ ਬੀਤੀਆਂ ਉਹ ਉਹਨਾਂ ਨੂੰ ਸਾਝੇ ਕਰਦੇ ਰਹੇ। ਗੱਲਾਂ ਗੱਲਾਂ ਵਿੱਚ ਰਾਤ ਦੇ ਤਿੰਨ ਵੱਜ ਚੁੱਕੇ ਸਨ। ਸਭ ਨੇ ਜੀ ਭਰ ਕੇ ਖਾਣਾ ਖਾਧਾ ਅਤੇ ਸੌਂ ਗਏ।

ਜਦੋਂ ਸਵੇਰੇ ਉਠੇ ਤਦ ਆਏ ਮਹਿਮਾਨ ਨੇ ਦੇਵ ਨੂੰ ਪੁੱਛਿਆ, "ਇੱਥੇ ਗੁਰਮੇਲ ਨਾਂ ਦਾ ਕੋਈ ਆਦਮੀ ਵੀ ਰਹਿੰਦਾ ਹੈ, ਵੈਸੇ ਉਸ ਨੂੰ ਗੇਲੂ ਕਹਿ ਕੇ ਵੀ ਸੱਦਦੇ ਹਨ।" ਦੇਵ ਨੇ ਹੁੰਗਾਰਾ ਭਰਦੇ ਕਿਹਾ, "ਅਸੀਂ ਉਸ ਨੂੰ ਜਾਣਦੇ ਜ਼ਰੂਰ ਹਾਂ ਪਰ ਜ਼ਿਆਦਾ ਅਸਾਡੀ ਉਹਨਾਂ ਨਾਲ ਆਉਣੀ ਜਾਣੀ ਨਹੀਂ ਹੈ, ਆਪਾਂ ਉਨ੍ਹਾਂ ਨੂੰ ਘਰ ਹੀ ਸੱਦ ਲੈਂਦੇ ਹਾਂ।" "ਜਦੋਂ ਮੈਂ ਸੱਤ ਸਮੁੰਦਰ ਪਾਰ ਕਰਕੇ ਤੁਹਾਡੇ ਕੋਲ ਪਹੁੰਚ ਹੀ ਗਿਆ ਹਾਂ ਤੇ ਹੁਣ ਉਹਨਾਂ ਕੋਲ ਜਾਣਾ ਕਿੰਨਾ ਕੁ ਔਖਾ ਹੈ। ਨਾਲੇ ਫਿਰ ਉਹਨਾਂ ਦਾ ਮੈਨੂੰ ਮਿਲਣ ਆਉਣ ਦਾ ਅਹਿਸਾਨ ਮੇਰੇ ਉਪਰ ਰਹੇਗਾ," ਮਹਿਮਾਨ ਨੇ ਜਵਾਬ ਦਿੱਤਾ। ਗੁਰਮੇਲ ਆਏ ਮਹਿਮਾਨ ਦਾ ਦੂਰ-ਦਰੇਡੇ ਦਾ ਰਿਸ਼ਤੇਦਾਰ ਸੀ।

ਦੇਵ ਸ਼ੀਤਲ ਤੇ ਮਹਿਮਾਨ ਤਿੰਨੇ ਹੁਣ ਗੇਲੂ ਦੇ ਘਰ ਨੂੰ ਜਾ ਰਹੇ ਸਨ। ਰਸਮੀ ਮਿਲਣੀ ਮਗਰੋਂ ਗੇਲੂ ਤੇ ਉਸ ਦੀ ਘਰ ਵਾਲੀ ਬੌਬੀ ਨੇ ਆਏ ਮਹਿਮਾਨ ਨਾਲ ਦੂਰ-ਦੁਰੇਡੇ ਰਿਸ਼ਤੇ ਵਾਲੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕਦੇ ਕਦਾਈਂ ਦੇਵ ਤੇ ਸ਼ੀਤਲ ਵੀ ਉਨ੍ਹਾਂ ਦੀਆਂ ਗੱਲਾਂ ਵਿੱਚ ਹੁੰਗਾਰਾ ਭਰ ਦਿੰਦੇ ਸਾਰੇ ਬੈਠੇ ਆਪਸ ਵਿੱਚ ਗੱਲਾਂ ਕਰ ਹੀ ਰਹੇ ਸਨ ਅਚਾਨਕ ਹੀ ਬੌਬੀ ਨੇ ਦੇਵ ਨੂੰ ਕਹਿ ਦਿੱਤਾ, "ਤੁਸੀਂ ਕਿਵੇਂ ਗੰਵਾਰਾਂ ਦੀ ਤਰ੍ਹਾਂ ਗੱਲਾਂ ਕਰਦੇ ਹੋ?" ਦੇਵ ਨੇ ਜਿਉਂ ਹੀ ਗੰਵਾਰ ਸ਼ਬਦ ਸੁਣਿਆ ਉਸੇ ਵਕਤ ਉਸ ਦਾ ਚਿਹਰਾ ਗੁੱਸੇ ਨਾਲ ਲਾਲ ਸੂਹਾ ਹੋ ਗਿਆ ਸੀ। ਆਏ ਮਹਿਮਾਨ ਨੇ ਵੀ ਸਭ ਭਾਂਪ ਲਿਆ ਸੀ। ਪਰ ਸ਼ੀਤਲ ਨੇ ਦੇਵ ਨੂੰ ਚੁੱਪ ਰਹਿਣ ਲਈ ਇਸ਼ਾਰਾ ਕੀਤਾ। ਇਸ ਤਰ੍ਹਾਂ ਦੇਵ ਭਰਿਆ ਪੀਤਾ ਉਸ ਸਮੇਂ ਦੀ ਉਡੀਕ ਵਿੱਚ ਰਿਹਾ ਕਿ ਉਹ ਕਦੋਂ ਬੌਬੀ ਤੋਂ ਪੁੱਛੇ, "ਇਹੋ ਕੁੱਝ ਤੇਰੇ ਮਾਂ ਬਾਪ ਨੇ ਤੈਨੂੰ ਇੱਥੇ ਪੜ੍ਹਾ ਲਿਖਾ ਕੇ ਤੇਰੀ ਝੋਲੀ ਪਾਇਆ ਹੈ।" ਪੱਛਮੀ ਸਭਿਅਤਾ ਦਾ ਅਸਰ ਬੌਬੀ ਤੇ ਘਰ ਕਰ ਚੁੱਕਾ ਸੀ। ਉਹ ਆਪਣੀ ਮਾਂ-ਬੋਲੀ ਨੂੰ ਗੰਵਾਰਾਂ ਦੀ ਬੋਲੀ ਕਹਿ ਕੇ ਨਿਵਾਜਦੀ ਸੀ।

ਵਿੱਚੋਂ ਹੀ ਗੇਲੂ ਨਕਲੀ ਹਾਸਾ ਹੱਸਦਾ ਬੋਲਿਆ, "ਕੋਈ ਗੱਲ ਨਹੀਂ ਜਦੋਂ ਇਹ ਘਰੋਂ ਬਾਹਰ ਨਿਕਲੇ ਇਨ੍ਹਾਂ ਸਭ ਕੁੱਝ ਹੀ ਭੁੱਲ ਜਾਣਾ ਹੈ। ਦੇਵ ਦੀ ਬੇਇੱਜ਼ਤੀ ਫਿਰ ਉਸ ਦੇ ਆਏ ਮਹਿਮਾਨ ਦੀ ਮੌਜੂਦਗੀ ਵਿੱਚ ਉਸ ਲਈ ਅਸਹਿ ਸੀ। ਦੇਵ ਸੋਚਾਂ ਵਿੱਚ ਡੁੱਬਾ ਕਹਿ ਰਿਹਾ ਸੀ, "ਅਸੀਂ ਇਸ ਔਰਤ ਨੂੰ ਇੱਕ ਜਾਂ ਦੋ ਵੇਰਾਂ ਉਹ ਵੀ ਰਸਮੀ ਜਿਹਾ ਹੀ ਮਿਲੇ ਹਾਂ।" ਬੌਬੀ ਦਾ ਦੇਵ ਨੂੰ ਗੰਵਾਰ ਕਹਿਣਾ ਇਹ ਉਸ ਦੀ ਸਮਝ ਤੋਂ ਬਾਹਰ ਦੀ ਗੱਲ ਸੀ। ਦੇਵ ਨੇ ਬੌਬੀ ਦੀ ਸ਼ਾਨ ਦੇ ਉਲਟ ਇੱਕ ਵੀ ਸ਼ਬਦ ਨਹੀਂ ਕਿਹਾ ਸੀ। ਬੌਬੀ ਆਏ ਮਹਿਮਾਨ ਨੂੰ ਸਿਰਫ ਇਹੋ ਜਚਾਉਣਾ ਚਾਹੁੰਦੀ ਸੀ ਕਿ ਮੈਂ ਪੱਛਮੀ ਸਭਿਅਤਾ ਦੀ ਪਾਲਤੂ ਹਾਂ। ਸ਼ੀਤਲ ਨਹੀਂ ਸੀ ਚਾਹੁੰਦੀ ਕਿ ਮਹਿਮਾਨ ਦੀ ਹਾਜ਼ਰੀ ਵਿੱਚ ਇਹੋ ਜਿਹੀ ਗੱਲ ਕੀਤੀ ਜਾਵੇ ਜਿਸ ਨਾਲ ਸਾਰਾ ਖੁਸ਼ੀਆਂ ਭਰਿਆ ਵਾਤਾਵਰਨ ਵਿਗੜੇ।

ਗੇਲੂ ਤੇ ਬੌਬੀ ਨੇ ਆਏ ਮਹਿਮਾਨ ਨੂੰ ਬਾਹਰ ਰੈਸਟੋਰੈਂਟ ਵਿੱਚ ਲਿਜਾਣ ਲਈ ਰਜ਼ਾਮੰਦ ਕਰ ਹੀ ਲਿਆ। ਦੋਹਾਂ ਦੇ ਜ਼ੋਰ ਦੇਣ ਤੇ ਵੀ ਦੇਵ ਤੇ ਸ਼ੀਤਲ ਚਾਹੁੰਦੇ ਹੋਏ ਵੀ ਉਨ੍ਹਾਂ ਨਾਲ ਨਹੀਂ ਗਏ ਸਨ। ਦੋ ਢਾਈ ਘੰਟਿਆਂ ਮਗਰੋਂ ਗੇਲੂ ਤੇ ਬੌਬੀ ਮਹਿਮਾਨ ਨੂੰ ਦੇਵ ਦੇ ਘਰ ਛੱਡ ਗਏ ਸਨ। ਥੋਹੜੇ ਸਮੇਂ ਵਿੱਚ ਹੀ ਰੈਸਟੋਰੈਂਟ ਵਿੱਚੋਂ ਵਾਪਸ ਆਉਣਾ ਮਹਿਮਾਨ ਨੂੰ ਚੰਗਾ ਨਹੀਂ ਲੱਗਾ।

ਦੇਵ ਤੇ ਸ਼ੀਤਲ ਨੇ ਮਹਿਮਾਨ ਦੀ ਆਓ ਭਗਤ ਕਰਨੀ ਸ਼ੁਰੂ ਕਰ ਦਿੱਤੀ। ਹੁਣ ਦੋਹਾਂ ਦੀ ਮਹਿਫਲ ਜੰਮ ਚੁੱਕੀ ਸੀ। ਉਹ ਕਾਫੀ ਦੇਰ ਤੀਕ ਬੈਠੇ ਖਾਂਦੇ ਰਹੇ ਤੇ ਗੱਲਾਂ ਕਰਕੇ ਇਸ ਅਚਾਨਕ ਮਿਲਣੀ ਦਾ ਅਨੰਦ ਮਾਣਦੇ ਰਹੇ। ਦੇਵ ਨੂੰ ਸਾਰੀ ਰਾਤ ਨੀਂਦ ਨਹੀਂ ਆਈ ਸੀ। ਜਾਗੋ-ਮੀਟੀ ਵਿੱਚ ਉਸ ਦੇ ਕੰਨਾਂ ਵਿੱਚ ਗੰਵਾਰ ਗੰਵਾਰ ਦੀ ਆਵਾਜ਼ ਹੀ ਗੂੰਜਦੀ ਰਹੀ। ਉਸ ਨੇ ਸਾਰੀ ਰਾਤ ਪਲਸੇਟੇ ਲੈ ਲੈ ਗੁਜ਼ਾਰੀ। ਸ਼ੀਤਲ ਦੇਵ ਦੀ ਹਾਲਤ ਤੋਂ ਕਾਫੀ ਹੈਰਾਨ ਸੀ।

"ਬੌਬੀ ਦੇ ਮਾਂ ਬਾਪ ਪਿਛਲੇ ਤੀਹਾਂ ਕੁ ਸਾਲਾਂ ਤੋਂ ਕੈਨੇਡਾ ਵਿੱਚ ਰਹਿ ਰਹੇ ਸਨ। ਉਹ ਇੱਥੇ ਹੀ ਜੰਮੀ, ਜਵਾਨ ਹੋਈ ਤੇ ਇੱਥੋਂ ਦੀ ਹੀ ਵਿੱਦਿਆ ਹਾਸਲ ਕੀਤੀ ਸੀ। ਉਸ ਦੇ ਮਾਂ-ਬਾਪ ਆਮ ਲੋਕਾਂ ਦੀ ਤਰ੍ਹਾਂ ਮਜ਼ਦੂਰੀ ਹੀ ਕਰਦੇ ਸਨ। ਪੜ੍ਹ ਲਿਖ ਕੇ ਬੌਬੀ ਦਾ ਆਪਣੇ ਘਰ ਦਿਆਂ ਉਪਰ ਰੋਹਬ ਦਾਹਬ ਬਣਿਆ ਹੋਇਆ ਸੀ। ਉਹ ਬੌਬੀ ਦੀ ਹਰ ਖਾਹਿਸ਼ ਪੂਰੀ ਕਰਦੇ ਸਨ। ਬੌਬੀ ਹਮੇਸ਼ਾ ਹੀ ਘਰ ਵਿੱਚ ਅੰਗਰੇਜ਼ੀ ਹੀ ਬੋਲਿਆ ਕਰਦੀ ਸੀ। ਪਰ ਉਸ ਦੇ ਮਾਂ-ਬਾਪ ਪੰਜਾਬੀ ਵਿੱਚ ਜਵਾਬ ਦਿੰਦੇ ਸਨ। ਉਨ੍ਹਾਂ ਦੇ ਕਹਿਣ ਤੇ ਵੀ ਬੌਬੀ ਪੰਜਾਬੀ ਨਹੀਂ ਬੋਲਦੀ ਸੀ। ਇੱਥੋਂ ਤੱਕ ਕਿ ਉਹ ਆਪਣੇ ਮਾਪਿਆਂ ਨੂੰ ਵੀ ਮੁਆਫ ਨਹੀਂ ਕਰਦੀ ਸੀ। ਉਨ੍ਹਾਂ ਨੂੰ ਵੀ ਗੰਵਾਰ ਕਹਿਣੋਂ ਸੰਕੋਚ ਨਹੀਂ ਕਰਦੀ ਸੀ। ਬੌਬੀ ਹੁਣ ਨੌਕਰੀ ਤੇ ਵੀ ਲੱਗ ਚੁੱਕੀ ਸੀ।

ਬੌਬੀ ਦੇ ਮਾਂ ਬਾਪ ਭਾਰਤ ਜਾ ਕੇ ਉਸ ਲਈ ਹਾਣ ਲੱਭ ਰਹੇ ਸਨ। ਅਖੀਰ ਉਨ੍ਹਾਂ ਗੇਲੂ ਨੂੰ ਪਸੰਦ ਕੀਤਾ ਸੀ। ਗੇਲੂ ਭਾਂਵੇਂ ਜ਼ਿਆਦਾ ਪੜ੍ਹਿਆ ਲਿਖਿਆ ਨਹੀਂ ਸੀ, ਪਰ ਉਸ ਦੇ ਮਾਂ ਬਾਪ ਕਾਫੀ ਅਮੀਰ ਸਨ। ਉਹ ਬਹੁਤ ਹੀ ਸਾਧਾਰਣ ਤੇ ਠੇਠ ਪੰਜਾਬੀ ਬੋਲਣ ਵਾਲਾ ਸੀ। ਗੇਲੂ ਸਮਝਦਾ ਸੀ ਕਿ ਮੇਰੀ ਤਾਂ ਕੈਨੇਡਾ ਲਈ ਲਾਟਰੀ ਨਿਕਲ ਆਈ ਹੈ। ਦੋਹਾਂ ਦੇ ਵਿਆਹ ਹੋਏ ਨੂੰ ਸੱਤ ਕੁ ਸਾਲ ਹੋ ਗਏ ਸਨ। ਬੌਬੀ ਆਪਣੇ ਰਿਸ਼ਤੇਦਾਰਾਂ ਤੇ ਦੋਸਤਾਂ-ਮਿਤਰਾਂ ਵਿੱਚ "ਗੰਵਾਰਾਂ ਦੀ ਨੂੰਹ" ਕਰਕੇ ਜਾਣੀ ਜਾਂਦੀ ਸੀ। ਉਸ ਨੇ ਤਾਂ ਆਪਣੇ ਘਰ ਵਾਲੇ ਨੂੰ ਵੀ ਮੁਆਫ ਨਹੀਂ ਕੀਤਾ ਸੀ। ਅਕਸਰ ਹੀ ਗੇਲੂ ਨੂੰ ਗੰਵਾਰ ਕਹਿ ਦਿੰਦੀ ਸੀ। ਉਹ ਅੱਗੋਂ ਹੱਸ ਛੱਡਦਾ ਤੇ ਕਹਿ ਦਿੰਦਾ ਸੀ, "ਜੇ ਮੇਰੀ ਲਾਟਰੀ ਕੈਨੇਡਾ ਦੀ ਨਿਕਲੀ ਹੈ ਤਾਂ ਸਿਰਫ ਬੌਬੀ ਕਰਕੇ ਹੀ।"

ਬੌਬੀ ਹਮੇਸ਼ਾ ਆਪਣੇ ਰਿਸ਼ਤੇਦਾਰਾਂ ਨੂੰ ਘਟੀਆ ਨਜ਼ਰ ਨਾਲ ਵੇਖਦੀ ਕਿਉਂਕਿ ਉਹ ਜ਼ਿਆਦਾ ਤਰ ਹਿੰਦੁਸਤਾਨ ਤੋਂ ਆਏ ਸਨ। ਆਪਣੇ ਆਪ ਨੂੰ ਉਨ੍ਹਾਂ ਨਾਲੋਂ ਉਚਾ ਸਮਝਦੀ ਹੋਈ ਕਾਲੀ ਚਮੜੀ ਵਾਲੀ ਗੋਰੀ ਨਾਲੋਂ ਕਿਸੇ ਕਦਰ ਘੱਟ ਨਹੀਂ ਸਮਝਦੀ ਸੀ।" ਬੌਬੀ ਤੇ ਗੇਲੂ ਸੰਬੰਧੀ ਮਹਿਮਾਨ ਨੇ ਸਭ ਦੱਸ ਦਿੱਤਾ ਸੀ।

ਦੇਵ ਤੇ ਸ਼ੀਤਲ ਆਏ ਮਹਿਮਾਨ ਨੂੰ ਹਵਾਈ ਅੱਡੇ ਤੇ ਵਿਦਾ ਕਰਕੇ ਸਿੱਧੇ ਬੌਬੀ ਦੇ ਘਰ ਜਾ ਰਹੇ ਸਨ। ਜਦੋਂ ਦੇਵ ਤੇ ਸ਼ੀਤਲ ਬੌਬੀ ਦੇ ਘਰੋਂ ਬਾਹਰ ਆ ਹੀ ਰਹੇ ਸਨ ਤਦ ਪਛਤਾਵੇ ਦੇ ਹੰਝੂ ਬੌਬੀ ਦੀਆਂ ਅੱਖਾਂ ਵਿੱਚੋਂ ਪਰਲ ਪਰਲ ਬਹਿ ਰਹੇ ਸਨ।

ਮਿੱਟੀ 'ਚ ਉੱਕਰੇ ਅੱਖਰ

☐ ਬਲਜੀਤ ਬਾਸੀ

ਲੇਖਕ : ਚਰਨ ਸਿੰਘ
ਪੰਨੇ : 96, ਮੁੱਲ : 25 ਰੁਪਏ
ਪ੍ਰਕਾਸ਼ਕ : ਨਵਯੁੱਗ ਪਬਲਿਸ਼ਰਜ਼, ਦਿੱਲੀ।

ਪਹਿਲੇ ਕਾਵਿ-ਸੰਗ੍ਰਹਿ 'ਤੀਸਰੀ ਅੱਖ' ਪਿੱਛੋਂ ਇਸ ਦੂਸਰੇ ਸੰਗ੍ਰਹਿ ਦੇ ਪ੍ਰਕਾਸ਼ਨ ਨਾਲ ਚਰਨ ਸਿੰਘ ਕੈਨੇਡਾ ਦੇ ਇੱਕ ਮਹੱਤਵਪੂਰਨ ਪ੍ਰਵਾਸੀ ਕਵੀ ਵਜੋਂ ਉਭਰਿਆ ਹੈ। ਦੋ ਭਾਗਾਂ ਵਿੱਚ ਵੰਡੇ ਇਸ ਸੰਗ੍ਰਹਿ ਦੇ ਪਹਿਲੇ ਬਾਗ 'ਮਿੱਟੀ 'ਚ ਉਕਰੇ ਅੱਖਰ' ਵਿੱਚ 15 ਸੀਰਸ਼ਕ ਰਹਿਤ ਅਤੇ ਦੂਜੇ ਭਾਗ 'ਇੱਕ ਟੱਪਰੀਵਾਸਣ ਸਾਵਣ ਬਸਤੀ ਦੇ ਨਾਂ ਵਿੱਚ 17 ਸੀਰਸ਼ਕ ਰਹਿਤ ਕਵਿਤਾਵਾਂ ਸ਼ਾਮਲ ਹਨ। ਰਵਿੰਦਰ ਰਵੀ ਵੱਲੋਂ ਲਿਖੀ ਪੁਸਤਕ ਦੀ ਆਦਿਕਾ ਅਨੁਸਾਰ ਖੁਦ ਕਵੀ ਇਸ ਭਾਗ ਵੰਡ ਦਾ ਆਧਾਰ ਇਨ੍ਹਾਂ ਕਵਿਤਾਵਾਂ ਵਿੱਚ ਪ੍ਰਸਤੁਤ ਦ੍ਰਿਸ਼ਟੀਕੋਣ ਦੀ ਸਾਂਝ ਦੱਸਦਾ ਹੈ। ਉਸ ਮੁਤਾਬਿਕ ਪਹਿਲੇ ਭਾਗ ਦੀਆਂ ਕਵਿਤਾਵਾਂ ਮਨੁੱਖੀ ਹੋਂਦ ਦੇ ਵਿਭਿੰਨ ਪਹਿਲੂਆਂ ਨੂੰ ਆਧੁਨਿਕ ਭਾਵ-ਬੋਧ ਅਨੁਸਾਰ ਨਜਿੱਠਦੀਆਂ ਹਨ ਅਤੇ ਦੂਜੇ ਭਾਗ ਦੀਆਂ ਕਵਿਤਾਵਾਂ ਏਸੇ ਸਥਿਤੀ ਨੂੰ ਮਾਰਕਸੀ ਦ੍ਰਿਸ਼ਟੀਕੋਣ ਤੋਂ ਵੇਖਣ ਸਮਝਣ ਤੇ ਪਰਖਣ ਦਾ ਪ੍ਰਯਾਸ ਹਨ।

ਇੱਥੇ ਇਹ ਗੱਲ ਵਿਚਾਰਨ ਵਾਲੀ ਹੈ ਕਿ ਜੇ ਇੱਕ ਸਥਿਤੀ ਨੂੰ ਮਾਰਕਸੀ 'ਦ੍ਰਿਸ਼ਟੀਕੋਣ' ਤੇ ਵੇਖਿਆ, ਸਮਝਿਆ ਤੇ ਪਰਖਿਆ ਜਾ ਸਕਦਾ ਹੈ ਤਾਂ ਉਸ ਨੂੰ ਇਸੇ ਦ੍ਰਿਸ਼ਟੀਕੋਣ ਤੇ ਨਜਿੱਠਿਆ ਕਿਉਂ ਨਹੀਂ ਜਾ ਸਕਦਾ? ਜੇ ਮਾਰਕਸਵਾਦੀ ਚਿੰਤਨ ਆਧੁਨਿਕ ਚਿੰਤਨ ਹੈ ਤਾਂ ਇਸ ਵਿੱਚ ਸਥਿਤੀ ਨੂੰ ਨਜਿੱਠਣ ਦੀ ਵੀ ਓਨੀ ਹੀ ਸਮਰਥਾ ਹੈ, ਜਿੰਨੀ ਇਸ ਨੂੰ ਵੇਖਣ, ਸਮਝਣ ਅਤੇ ਪਰਖਣ ਦੀ। ਵਾਸਤਵ ਵਿੱਚ ਇਸ ਬਿਆਨ ਦਾ ਭਾਵ ਇਹ ਨਿਕਲਦਾ ਹੈ ਕਿ ਸਥਿਤੀ ਨੂੰ ਨਜਿੱਠਣ ਦੀ ਅਸਲ ਸਮੱਸਿਆ ਲਈ ਮਾਰਕਸਵਾਦ ਊਣਾ ਹੈ ਅਤੇ ਇਸ ਮਕਸਦ ਲਈ ਆਧੁਨਿਕ ਬੋਧ ਨੂੰ ਰਿਆਇਤੀ ਤੌਰ 'ਤੇ ਉਚਿੱਤ ਠਹਿਰਾਇਆ ਜਾ ਸਕਦਾ ਹੈ। ਹਾਂ ਇਹ ਤਾਂ ਕਿਹਾ ਜਾ ਸਕਦਾ ਹੈ ਕਿ ਫਲਾਣੇ ਕਵੀ ਦੇ ਬੋਧ ਵਿੱਚ ਮਾਰਕਸਵਾਦੀ ਦਰਸ਼ਨ ਦਾ ਨਿਖਾਰ ਆ ਜਾਣ ਕਾਰਨ ਉਸ ਦੀ ਕਵਿਤਾ ਵਿੱਚ ਪਹਿਲਾਂ ਨਾਲੋਂ ਅਨੁਭਵ ਵਿੱਚ ਵਿਸ਼ਾਲਤਾ ਅਤੇ ਗਹਿਰਾਈ ਅਤੇ ਕਾਵਿ-ਕੁਸ਼ਲਤਾ ਵਿੱਚ ਪ੍ਰਪੱਕਤਾ ਆਈ ਹੈ। ਪ੍ਰਸਤੁਤ ਕਵੀ ਦੀ ਇਸ ਪੁਸਤਕ ਦੇ ਪਹਿਲੇ ਭਾਗ ਦੀਆਂ ਕਵਿਤਾਵਾਂ ਵਿੱਚ ਇਹ ਵਿਕਾਸ ਸੰਤੋਖ ਜਨਕ ਮਾਤਰਾ ਵਿੱਚ ਹੋਇਆ ਪ੍ਰਤੀਤ ਨਹੀਂ ਹੁੰਦਾ। ਇਨ੍ਹਾਂ ਕਵਿਤਾਵਾਂ ਵਿੱਚ ਨਵੇਂ ਪਰਿਵੇਸ਼ ਦੇ ਨਵੇਂ ਅਨੁਭਵ ਹਨ ਅਤੇ ਅਰਧ-ਵਿਗਿਆਨਕ ਜਿਹੀ ਪਕੜ ਕਾਰਨ ਚਕਾ-ਚੌਂਧ ਕਰਨ ਵਾਲੀ 'ਆਧੁਨਿਕ' ਦਿਖ ਹੈ।

ਅਜੋਕੀ ਕਵਿਤਾ ਦੀ ਪਛਾਣ ਆਦਿਕਾ - ਲੇਖਕ ਅਨੁਸਾਰ ਆਧੁਨਿਕ ਮਨੁੱਖ ਦੀ ਬਹੁਮੁੱਖੀ, ਬਹੁ-ਦਿਸ਼ਾਵੀ, ਬਹੁ-ਵਿਧ ਸ਼ਖਸੀਅਤ ਦੀ ਖੰਡਿਤ ਤੇ ਸੰਯੁਕਤ ਇਕਾਈ ਨੂੰ ਸਾਪੇਖ ਰੂਪ ਵਿੱਚ ਅਜੋਕੀਆਂ ਪ੍ਰਸਥਿਤੀਆਂ ਦੇ ਪ੍ਰਸੰਗ ਵਿੱਚ ਤ੍ਰੈਕਾਲਕ ਤੇ ਬ੍ਰਹਿਮੰਡਕ ਦ੍ਰਿਸ਼ਟੀ ਤੇ ਗਲੋਬਲ ਸੰਦਰਭਾਂ ਵਿੱਚ ਸਮਝਣ ਤੇ ਸਿਰਜਣ ਦਾ ਕਲਾਤਮਕ ਅਭਿਆਸ ਹੈ। ਆਪਣੀ ਹੋਂਦ ਦੇ ਵੱਖ ਵੱਖ ਪਹਿਲੂਆਂ ਨੂੰ ਵੱਖ ਵੱਖ ਸਿਧਾਂਤਾਂ, ਮੁੱਲਾਂ, ਚਿੰਤਨਾਂ, ਦਰਸ਼ਨਾਂ, ਪ੍ਰਸਥਿਤੀਆਂ ਤੇ ਕੋਨਾਂ ਤੋਂ ਵਾਚਦਾ ਅਜੋਕਾ ਆਧੁਨਿਕ ਮਨੁੱਖ ਆਪਣੇ ਤਸ਼ੱਖੁਸ ਦੀ ਪਹਿਚਾਣ ਤੇ ਤਲਾਸ਼ ਵਿੱਚ ਹੈ। ਆਧੁਨਿਕ ਕਵੀ ਦੇ ਏਨੇ ਵੱਡੇ ਦਾਅਵੇ ਆਦਿਕਾ-ਲੇਖਕ ਚਰਨ ਸਿੰਘ ਦੀ ਕਵਿਤਾ ਵਿੱਚੋਂ ਉਜਾਗਰ ਹੁੰਦੇ ਪ੍ਰਦਰਸ਼ਿਤ ਨਹੀਂ ਕਰ ਸਕਿਆ।

ਪਰ ਚਰਨ ਸਿੰਘ ਦੀ ਕਾਵਿ-ਪ੍ਰਭਿਤਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਤੇ ਨਾ ਹੀ ਉਸ ਦੇ ਮਾਨਵੀ ਲਗਾਉ ਤੋਂ। ਬਹੁਲਤਾ ਵਿੱਚ ਵਿਚਰਦੇ ਉਸ ਦੇ ਜਟਿਲ ਤੇ ਖੰਡਿਤ ਬਿੰਬ ਅਸਲੋਂ ਸੱਜਰੇ ਹਨ ਤੇ ਮਨੁੱਖੀ ਸਥਿਤੀ ਦੇ ਅਦ੍ਰਿਸ਼ਕ ਪੱਖਾਂ ਨੂੰ ਦ੍ਰਿਸ਼ਟੀਗੋਚਰ ਕਰਨ ਦੇ ਯਤਨ ਵਿੱਚ ਹਨ ਜਿਸ ਕਾਰਨ ਇਨ੍ਹਾਂ ਦਾ ਰਿਦਮ ਵੀ ਨਿਵੇਕਲਾ ਹੈ। ਪਰ ਇਨ੍ਹਾਂ ਹੀ ਕਾਰਨਾਂ ਕਰਕੇ ਕਵੀ ਅੰਤਰਮੁੱਖੀ ਵੀ ਹੋ ਗਿਆ ਹੈ। ਕੁੱਝ ਹਵਾਲੇ ਪੇਸ਼ ਹਨ:

1. ਪੀਲਾ ਫੱਕ ਸ਼ਹਿਰ ਦਾ ਚਿਹਰਾ, ਚਿੱਟੀਆਂ ਚਿੱਟੀਆਂ ਗਲੀਆਂ ਦੀਆਂ ਅੱਖਾਂ,ਖੁੱਲ੍ਹ ਗਈਆਂ ਸੜਕਾਂ ਦੀਆਂ ਗੁੱਤਾਂ,ਇਸ ਸ਼ਹਿਰ ਨੂੰ ਰੱਬ ਦੀਆਂ ਰੱਖਾਂ।

2. ਮੈਂ ਇੱਕ ਤਰਲ ਪਦਾਰਥ
ਪਿੰਡਾ ਜਿਸ ਦਾ ਕੱਚ ਸਜ ਦੀ ਜੂਨ ਹੰਢਾਏ
ਮੈਂ? ਕਚ-ਗਰਭ ਤੇ ਵੀਰਯ
ਈਵ ਆਦਮ 'ਚੋਂ
ਤਕਰੀਬਲ ਮਨਫੀ ਹੋ ਜਾਏ
ਮੇਰੀ ਹੋਂਦ ਦਾ ਅੱਧ ਮਰ ਜਾਏ....

ਇਸ ਭਾਗ ਦੀ ਬਾਰ੍ਹਵੀਂ ਕਵਿਤਾ ਦੇਸ ਤੇ ਕਾਲ ਵਿੱਚ ਪਿੱਛੇ ਰਹਿ ਗਏ ਦਿਹਾਤੀ ਪੰਜਾਬ, ਜਿਸ ਨੂੰ ਪੂਰਨ ਸਿੰਘ ਨੇ ਗੰਵਿਆ ਸੀ, ਉਸੇ ਹੀ ਸ਼ਿੱਦਤ ਨਾਲ ਉਦਰੇਵੀ ਸੁਰ ਵਿੱਚ ਗਾਉਂਦੀ ਹੈ ਅਤੇ ਇਸ ਦੀ ਦੂਹਰੀ ਤੀਹਰੀ ਵੰਡ ਕਰਨ ਅਤੇ ਸ਼ਹਿਰੀਕਰਨ ਕਾਰਨ ਇਸ ਦੇ ਬਦਲੇ ਹੋਏ (ਜਾਂ ਪਲੀਤੇ ਹੋਏ) ਧਰਤ-ਦ੍ਰਿਸ਼ ਨੂੰ ਵਿਰਲਾਪਦੀ ਹੈ।

ਤੇਰੀ ਖਾਮੋਸ਼ੀ ਦੱਸਦੀ ਹੈ
ਤੂੰ ਸਾਰੇ ਦਾ ਸਾਰਾ
ਸ਼ਹਿਰ ਹੋ ਗਿਆ ਹੈ।
ਤੂੰ ਆਪਣੀ ਅੱਖ 'ਚ ਆਪੇ
ਕਤਰਾ ਸ਼ਹਿਦ
ਗਾਗਰ ਜ਼ਹਿਰ ਹੋ ਗਿਆ ਹੈ

ਦੂਸਰੇ ਭਾਗ ਦੀਆਂ ਕਵਿਤਾਵਾਂ ਪ੍ਰਗਤੀਵਾਦੀ ਰੋਮਾਂਸਵਾਦੀ ਧਾਰਾ ਦੀ ਕੋਟੀ ਵਿੱਚ ਆਉਂਦੀਆਂ ਹਨ ਪਰ ਇਨ੍ਹਾਂ ਵਿੱਚ ਮਕੈਨਕੀਪੁਣਾ ਭਾਰੂ ਨਹੀਂ ਤੇ ਨਾ ਹੀ ਰੁਮਾਂਟਿਕ ਪ੍ਰਗੀਤਕਤਾ ਹੈ:

ਰੋਸ਼ਨੀ ਦਾ ਸ਼ਹਿਰ
ਕਿੰਨੀ ਦੂਰ ਹੈ
ਰੋਸ਼ਨੀ ਦਾ ਸ਼ਹਿਰ ਹੈ
ਕਿਹੋ ਜਿਹਾ
ਜੋ ਸੁਫਨਿਆਂ ਤੋਂ ਵੱਖ ਹੈ
ਸਥੂਲ ਹੈ ਮੁੜ੍ਹਕੇ ਜਿਹਾ।

ਨਿਬੰਧ:

ਸੁਪਨਿਆਂ ਦੀ ਬਹਾਰ

☐ ਰਾਜਦੀਪ ਕੰਦੋਲਾ

ਇਹ ਸੁਪਨੇ ਜਿੰਨੀ ਕਾਲੀ ਹਨੇਰੀ ਅਤੇ ਕਾਲੀ ਰਾਤ ਵਿੱਚ ਵੇਖੇ ਜਾਂਦੇ ਹਨ ਇਹ ਉਨੇਂ ਹੀ ਕਾਲੇ ਅਤੇ ਹਨੇਰੇ ਹੁੰਦੇ ਹਨ। ਪਰ ਇਹ ਉਨੇ ਹੀ ਰਸੀਲੇ ਅਤੇ ਸੁਆਦਲੇ ਹੁੰਦੇ ਹਨ। ਇਹਨਾਂ ਦਾ ਰਸ ਬਹੁਤ ਹੀ ਮਿਠਾਸ ਨਾਲ ਭਰਿਆ ਹੁੰਦਾ ਹੈ ਜੋ ਨੀਂਦ ਵਿੱਚ ਵੇਖੇ ਜਾਂਦੇ ਹਨ। ਜ਼ਿਆਦਾ ਵਕਤ ਤੇ ਬਹੁਤ ਡਰਾਉਣੇ ਅਤੇ ਭਿਆਨਕ ਹੁੰਦੇ ਹਨ। ਹਰ ਇੱਕ ਇਨਸਾਨ ਦੀ ਜ਼ਿੰਦਗੀ ਵੀ ਤੇ ਇੰਨੀ ਹੀ ਡਰਾਉਣੀ ਅਤੇ ਭਿਆਨਕ ਹੈ।

ਜੋ ਸੁਪਨੇ ਦਿਨ ਅਤੇ ਰੋਸ਼ਨੀ ਵਿੱਚ ਵੇਖੇ ਜਾਂਦੇ ਹਨ। ਜੋ ਸੁਪਨੇ ਜਾਗਦੇ ਵਕਤ, ਅੱਖਾਂ ਖੋਲ੍ਹ ਕੇ ਵੇਖੇ ਜਾਂਦੇ ਹਨ ਉਹ ਬਹੁਤ ਹੀ ਰੋਸ਼ਨੀ ਭਰੇ ਅਤੇ ਪਿਆਰੇ ਹੁੰਦੇ ਹਨ। ਉਹਨਾਂ ਸੁਪਨਿਆਂ ਦਾ ਨਸ਼ਾ ਸ਼ਰਾਬ ਦੇ ਨਸ਼ੇ ਨਾਲੋਂ ਘੱਟ ਨਹੀਂ ਹੁੰਦਾ। ਕਾਸ਼ ਉਹ ਸੁਪਨੇ ਸੱਚ ਹੋ ਜਾਣ! ਇਨਸਾਨ ਹਰ ਵਕਤ ਸੋਚਦਾ ਹੈ, ਲੇਕਿਨ ਇਹ ਸੁਪਨੇ ਬਹੁਤ ਦੂਰ ਅਤੇ ਅਨੋਖੇ ਹਨ। ਇਹਨਾਂ ਦੀ ਯਾਦ ਵੀ ਅਨੋਖੀ ਹੈ ਇਹਨਾਂ ਦੀ ਸ਼ਕਲ ਵੀ ਅਨੋਖੀ ਹੈ ਅਤੇ ਇਨਸਾਨ ਦਾ ਇਹ ਸੁਪਨਾ ਅਤੇ ਸੋਚ ਵੀ ਅਜੀਬ ਹੈ। ਕੀ ਕਦੀ ਕੋਈ ਸੁਪਨਾ ਸੱਚ ਹੋ ਸਕਦਾ ਹੈ? ਮੇਰੇ ਖਿਆਲ ਵਿੱਚ ਤੇ ਕਦੇ ਨਹੀਂ ਕਿਉਂਕਿ ਮੇਰਾ ਕੋਈ ਸੁਪਨਾ ਕਦੇ ਸੱਚ ਨਹੀਂ ਹੋਇਆ।

ਮੈਂ ਹਮੇਸ਼ਾ ਇਹਨਾਂ ਸੁਪਨਿਆਂ ਵਿੱਚ ਗੁਆਚਦੀ ਰਹੀ ਅਤੇ ਆਪਣੀ ਆਤਮਾ ਨੂੰ ਸੁਪਨਿਆਂ ਨਾਲ ਹੀ ਵਰਾਉਂਦੀ ਰਹੀ। ਲੇਕਿਨ ਸੁਪਨਿਆਂ ਦੀ ਵੀ ਤੇ ਕੋਈ ਹੱਦ ਹੁੰਦੀ ਹੈ। ਸ਼ਾਇਦ ਮੇਰੇ ਸੁਪਨਿਆਂ ਦੀ ਕੋਈ ਸੀਮਾ ਹੀ ਨਹੀਂ ਹੈ। ਇਹ ਸਾਗਰ ਤੋਂ ਚੌੜੇ ਅਤੇ ਉਸ ਦੀ ਲੰਬਾਈ ਤੋਂ ਲੰਬੇ ਅਤੇ ਡੂੰਘਾਈ ਨਾਲੋਂ ਡੂੰਘੇ ਤੇ ਸ਼ਾਇਦ ਅਸਮਾਨ ਦੀ ਉਚਾਈ ਨਾਲੋਂ ਉਚੇ ਹਨ। ਜਿਸ ਤਰ੍ਹਾਂ ਇਨਸਾਨ ਲਈ ਅਸਮਾਨ ਤੱਕ ਪਹੁੰਚਣਾ ਅਸੰਭਵ ਰਿਹਾ ਹੈ। ਬੇਸ਼ੱਕ ਉਸ ਨੇ ਲੱਖ ਯਤਨ ਕੀਤੇ ਹਨ। ਉਸ ਤਰ੍ਹਾਂ ਹੀ ਮੈਂ ਆਪਣਿਆਂ ਸੁਪਨਿਆਂ ਤੱਕ ਪਹੁੰਚਣ ਲਈ ਅਸੰਭਵ ਰਹੀ ਹਾਂ। ਮੇਰੇ ਦਿਲ ਦੀਆਂ ਭਾਵਨਾਵਾਂ ਹਮੇਸ਼ਾ ਦਿਲ ਵਿੱਚ ਹੀ ਘੁੱਟੀਆਂ ਰਹੀਆਂ। ਪਤਾ ਨਹੀਂ ਕਿਉਂ ਇਹ ਸੁਪਨਾ ਇੱਕ ਗਮ ਅਤੇ ਇੱਕ ਸੂਲ ਬਣ ਕੇ ਮੇਰੇ ਦਿਲ ਵਿੱਚ ਹਰ ਵਕਤ ਚੁੱਭਦਾ ਹੈ। ਲੇਕਿਨ ਇੱਕ ਗੱਲ ਤੇ ਠੀਕ ਹੈ ਜੋ ਗੁਲਾਬ ਹੈ ਉਸ ਨੂੰ ਹਰ ਵਕਤ ਕੰਡਿਆਂ ਵਿੱਚ ਰਹਿਣ ਦਾ ਸਰਾਪ ਹੈ। ਪਰ ਉਹ ਆਪਣੀ ਖੁਸ਼ਬੂ ਵੰਡਣ ਲਈ ਮੁਸ਼ਕਿਲ ਤੋਂ ਮੁਸ਼ਕਿਲ ਤਪੱਸਿਆ ਕਰਦਾ ਹੈ, ਲੇਕਿਨ ਮੈਂ ਤੇ ਕੁੱਝ ਵੀ ਨਹੀਂ ਹਾਂ। ਠੀਕ ਹੈ! ਸ਼ਾਇਦ ਮੈਨੂੰ ਵੀ ਇੰਜ ਹੀ ਤਪੱਸਿਆ ਕਰਨ ਦੀ ਲੋੜ ਹੈ

ਸੁਪਨੇ ਇਨਸਾਨ ਦੀਆਂ ਭਾਵਨਾਵਾਂ ਨਾਲੋਂ ਮਜ਼ਬੂਤ ਅਤੇ ਆਜ਼ਾਦ ਹਨ ਦੂਸਰਾ ਇਨਸਾਨ ਇੱਕ ਇਨਸਾਨ ਦੀ ਭਾਵਨਾ ਕੁਚਲ ਸਕਦਾ ਹੈ, ਉਸ ਦੀਆਂ ਆਸ਼ਾਵਾਂ ਕੁਚਲ ਸਕਦਾ ਹੈ, ਲੇਕਿਨ ਸੁਪਨਾ ਤੇ ਕਦੀ ਨਹੀਂ ਕੁਚਲ ਸਕਦਾ। ਸੁਪਨੇ ਤੇ ਇਨਸਾਨ ਕਦੋਂ ਮਰਜ਼ੀ ਦੇਖ ਸਕਦਾ ਹੈ। ਬੇਸ਼ੱਕ ਉਹ ਤੁਰ ਰਿਹਾ ਹੈ ਅਤੇ ਬੇਸ਼ੱਕ ਉਹ ਸੌਂ ਰਿਹਾ ਹੈ। ਕਈ ਵਾਰੀ ਕਿਸੇ ਇਨਸਾਨ ਦਾ ਦਿਲ ਆਪਣੇ ਸੁਪਨੇ ਨਾਲੋਂ ਦਿਲ ਤੋੜਨ ਲੱਗਿਆਂ ਬਹੁਤ ਦੁੱਖੀ ਹੁੰਦਾ ਹੈ। ਜਾਂ ਉਸ ਨੂੰ ਵੇਖਣ ਲਈ ਜਾਂ ਜਿਸ ਦਾ ਸੁਪਨਾ ਦੇਖ ਰਿਹਾ ਹੋਵੇ ਤੜਪ ਉਠਦਾ ਹੈ। ਲੇਕਿਨ ਕਿਉਂ? ਸ਼ਾਇਦ ਉਸ ਇਨਸਾਨ ਦੇ ਦਿਲ ਦੀ ਦੂਸਰੇ ਇਨਸਾਨ ਨਾਲ ਕੋਈ ਰਿਸ਼ਤੇਦਾਰੀ ਹੈ। ਇਹ ਰਿਸ਼ਤੇਦਾਰੀ ਬਹੁਤ ਵਕਤ ਤੇ ਸਿਰਫ ਸੁਪਨਿਆਂ ਦੀ ਸੀਮਾ ਹੀ ਬਣ ਕੇ ਰਹਿ ਜਾਂਦੀ ਹੈ। ਮੈਂ ਲੱਖ ਵਾਰੀ ਸੋਚ ਚੁੱਕੀ ਹਾਂ ਕਿ ਤੈਨੂੰ ਬੁਲਾਵਾਂਗੀ ਲੇਕਿਨ ਅਸਲੀਅਤ ਵਿੱਚ ਕਦੀ ਅੱਖ ਚੁੱਕ ਕੇ ਵੀ ਨਹੀਂ ਵੇਖ ਸਕੀ। ਸ਼ਾਇਦ ਸੁਪਨਿਆਂ ਵਿੱਚ ਲੱਖ ਵਾਰੀ ਗੱਲ ਵੀ ਕਰ ਚੁੱਕੀ ਹਾਂ। ਜਿਸ ਇਨਸਾਨ ਦੇ ਦਿਲ ਦੀ ਗੱਲ ਸੁਪਨਾ ਹੀ ਪੂਰਾ ਕਰ ਦੇਵੇ, ਉਸ ਇਨਸਾਨ ਲਈ ਅਸਲੀਅਤ ਕੋਈ ਜ਼ਰੂਰੀ ਨਹੀਂ ਹੈ। ਜੋ ਸੁਪਨਿਆਂ ਦੀ ਬਹਾਰ ਹੈ ਅਤੇ ਸੱਚਾਈ ਉਨਾਂ ਕਦੀ ਵੀ ਖਿੜ ਨਹੀਂ ਸਕਦੀ ਸੁਪਨੇ ਸੁੱਚੇ ਅਤੇ ਮਿੱਠੇ ਹਨ ਲੇਕਿਨ ਸੱਚਾਈ ਗਮਾਂ ਅਤੇ ਦੁੱਖਾਂ ਦੀ ਹਨੇਰੀ ਰਾਤ ਹੈ। ਸੁਪਨੇ ਫੁੱਲਾਂ ਵਾਂਗ ਖਿੜੇ ਰਹਿੰਦੇ ਹਨ ਅਤੇ ਸੱਚਾਈ ਹਮੇਸ਼ਾ ਕਾਲੀ ਰਾਤ ਵਾਂਗ ਮੁਰਝਾਈ ਰਹਿੰਦੀ ਹੈ। ਅਸਲੀਅਤ ਸੁਪਨਿਆਂ ਦੀ ਬਹਾਰ ਨੂੰ ਇੰਜ ਝਾੜ ਜਾਂਦੀ ਹੈ ਜਿਸ ਤਰ੍ਹਾਂ ਪੱਤਝੜ ਬਸੰਤ ਰੁੱਤ ਨੂੰ!

ਮਾਂ - ਧਰਤੀ

ਆਰ. ਆਰ. ਕੈਰਮ

ਧਰਤੀ ਤੇਰੀ ਮਾਂ ਕਿਸਾਨਾਂ, ਧਰਤੀ ਤੇਰੀ ਮਾਂ!
ਧਰਤੀ ਦੇ ਗੁਣ ਗਾ ਕਿਸਾਨਾਂ, ਧਰਤੀ ਦੇ ਗੁਣ ਗਾ!
ਇਸ ਧਰਤੀ ਦੀ ਗੋਦੀ ਪਲਿਆ, ਇੱਥੇ ਹੋਇਆ ਜਵਾਂ
ਧਰਤੀ ਤੇਰੀ ਮਾਂ ਕਿਸਾਨਾਂ, ਧਰਤੀ ਤੇਰੀ ਮਾਂ!

ਹੱਥ ਤੇਰੇ ਫੌਲਾਦੀ ਗੱਭਰੂਆ, ਛਾਤੀ ਜਿਵੇਂ ਵਦਾਨ
ਦੁਸ਼ਮਣ ਡਰਦਾ ਅੰਦਰ ਵੜ ਜਾਏ, ਜਦ ਤੂੰ ਵੱਜੇਂ ਮੈਦਾਨ
ਸਰਹੱਦਾਂ ਦੀ ਰਾਖੀ ਤੇਰਾ ਈਮਾਂ!

ਦਰਿਆਵਾਂ ਤੇ ਤੂੰ ਕਾਬੂ ਪਾ ਲਿਆ, ਪਰਬਤ ਸੀਸ ਝੁਕਾਣ
ਨਹਿਰਾਂ ਤੇਰੀਆਂ ਫਸਲਾਂ ਸਿੰਜਣ, ਗੁਲਜ਼ਾਰ ਬਣੇ ਬੀਆਬਾਨ
ਆਜ਼ਾਦੀ ਦਾ ਕਰ ਮਾਣ ਜਵਾਨਾਂ, ਆਜ਼ਾਦੀ ਦਾ ਮਾਣ।

ਮਿਹਨਤ ਬਿਨਾਂ ਕੁਛ ਵੀ ਨਾ ਹੋਵੇ, ਹਿੰਮਤ ਬਿਨਾਂ ਕੁਛ ਵੀ ਨਾ ਹੋਵੇ
ਪਾਲੇ ਕੱਕਰ ਸਿਰ ਤੇ ਝੱਲੇਂ, ਹਾੜਾਂ ਨੂੰ ਤੇਰਾ ਮੁੜ੍ਹਕਾ ਚੱਲੇ
ਦੁੱਖ ਨੂੰ ਸਮਝੇਂ ਖੁਸ਼ੀ ਸਮਾਨ!

ਤੋਰੀਏ ਤੇ ਸਰ੍ਹੋਂ ਦੀਆਂ ਫਸਲਾਂ ਤੇ ਜਦ ਡਿੱਠੀ ਬਹਾਰ
ਐਓਂ ਜਾਪੇ ਸੁਨਹਿਰੀ ਚਾਦਰ ਓੜ੍ਹ ਖੜ੍ਹੀ ਮੁਟਿਆਰ
ਦਿਲ ਤੋਂ ਆਈ ਇਹ ਆਵਾਜ਼ - ਜਵਾਨੀਆਂ ਨੂੰ ਤੂੰ ਮਾਣ!

ਕਾਕਾ ਕਨੇਡਿਓਂ ਆਇਆ

□ ਹਰਭਜਨ ਹਾਂਸ

ਮੇਰੇ ਬਾਪੂ ਦਾ ਇਕ ਪੱਕਾ ਜੋਟੀਦਾਰ ਜਾਤ ਪੱਖੋਂ ਬਾਣੀਆ ਸੀ। ਬਾਣੀਏ ਤੇ ਮੇਰੇ ਬਾਪੂ ਦੇ ਜੱਟਪੁਣੇ ਦਾ ਕੋਈ ਅਸਰ ਹੋਇਆ, ਮੌਲਾ ਜਾਣੇ! ਪਰ ਬਾਣੀਏ ਦਾ ਰੰਗ ਬਾਪੂ ਤੇ ਬਹੁਤ ਚੜ੍ਹ ਗਿਆ ਸੀ। ਇਸੇ ਕਰਕੇ ਬਾਪੂ ਹਰ ਗੱਲ 'ਚ ਨਫੇ-ਨੁਕਸਾਨ ਦੇ ਮੁੱਦੇ ਨੂੰ ਪਹਿਲੋਂ ਲੈਂਦਾ। ਮਸਲਨ ਮੇਰੀ ਅਕਲ ਤੇ ਸ਼ਕਲ ਤੇ ਭਵਾਂ ਚਾੜ੍ਹਦਾ ਮਾਂ ਨੂੰ ਕਹਿੰਦਾ, "ਤੇਜ ਕੁਰੇ! ਆਹ ਬਿੱਜੂ ਨਾਲੋਂ ਤਾਂ ਰੱਬ ਮੈਨੂੰ ਵੱਛਾ ਦੇ ਦਿੰਦਾ... ਹੁਣ ਨੂੰ ਚੌਂਗਾ ਹੋ ਗਿਆ ਹੁੰਦਾ .....ਮੌਜ ਨਾਲ ਸੇਂਜੀ ਕਰਦਾ, ਭੌਂ ਵਾਹੁੰਦਾ, ਗੱਡੇ ਜੋੜਦਾ .....ਆਹ ਲੱਤੋਂ ਲੰਗਾ ਕਾਲਾ ਕੋਲਾ ਜੰਮ ਕੇ ਤਾਂ ਤੂੰ ਕੁੱਖ ਨੂੰ ਦਾਗ ਲਾ ਲਿਆ।" ਬਾਪੂ ਦਾ ਮੇਰੇ ਵਿਰੁੱਧ ਧੂਆਂਧਾਰ ਪ੍ਰਚਾਰ ਐਨੇ ਨਾਲ ਨਹੀਂ ਸੀ ਬੰਦ ਹੁੰਦਾ, ਉਹ ਅਗਾਂਹ ਪੁੱਤਰ-ਵਿਰੋਧੀ ਕਹਾਣੀ ਜਾਰੀ ਰੱਖਦਾ ਕਹਿੰਦਾ, "ਆਹ ਝੁੱਡੂ ਮੇਰੇ ਦੋ ਸ਼ੇ ਵਰਗਿਆਂ ਪੁੱਤਰਾਂ ਦੇ ਮੱਥਿਆਂ ਤੇ ਕਾਲਾ ਟਿੱਕਾ ਹੈ .....ਸੋਹਣੀ ਹਵੇਲੀ ਤੇ ਟੂੰਗੀ ਤੌੜੀ ਹੈ.....ਵਾਅਲਾ ਦੁੱਧ ਦੇਣ ਵਾਲੀ ਮੈਂਸ ਦੇ ਗਲ ਵਿੱਚ ਪਾਈ ਟੁੱਟੀ ਜੁੱਤੀ ਹੈ!"

ਮੇਰੀ ਬੇਬੇ ਬਾਪੂ ਦੇ ਅਲੰਕ੍ਰਿਤ-ਸਜੇ ਭੈੜੇ ਬੁਥਾੜੇ ਚੋਂ ਨਿਕਲੇ ਭੈੜੇ ਬੋਲ, ਸੁਣ ਅੱਖਾਂ-ਭਰ ਚੁੱਪ ਹੋ ਜਾਂਦੀ - ਕਿਹੜੀ ਮਾਂ ਆਪਣੇ ਜਿਗਰ ਦੇ ਟੋਟੇ ਨੂੰ, ਆਂਦਰਾ ਦੇ ਮੋਹ ਨੂੰ ਕਿਸੇ ਕੋਲੋਂ ਭੈੜਾ ਸੁਣ ਲਏਗੀ? ਬੇਬੇ ਮੇਰੇ ਸਿਰ ਤੇ ਹੱਥ ਰੱਖ ਕੇ ਕਹਿੰਦੀ, "ਕੋਈ ਨਾ ਪੁੱਤ! ਇਹ ਭੈੜੇ ਬੂਥੇ ਵਾਲੇ ਨੂੰ ਆਦਤ ਈ ਆ....ਮੇਰੇ ਜਦੋਂ ਤੇਰੀ ਵੱਡੀ ਭੈਣ ਜੰਮੀ ਸੀ ਤਾਂ ਇਹ ਕਾਲੀ ਜੀਭ ਵਾਲਾ ਤੇਰੇ ਨਾਨਕਿਆਂ ਨੂੰ ਗਾਲ੍ਹਾਂ ਕੱਢਦਾ ਕਹਿੰਦਾ ਸੀ, "ਆਹ ਜਨੇਤਪੁਰੀਏ ....ਤੇਰੀ ਥਾਂ ਮੈਨੂੰ ਮੱਝ ਦੇ ਦਿੰਦੇ .... ਹੁਣ ਤਾਈਂ ਚਾਰ ਸੂਏ ਲੈ ਲੈਂਦਾ .....ਦੋ ਕੱਟੀਆਂ ਨੂੰ ਝੋਟੀਆਂ ਬਣਾ ਕੇ ਵੇਚਦਾ ....ਪੰਜ ਹਜ਼ਾਰ ਵੱਟਦਾ......ਇੱਕ ਕੱਟੇ ਨੂੰ ਝੋਟਾ ਬਣਾ ਕੇ ਪਿੰਡ 'ਚ ਛੱਡਦਾ ..... ਧਰਮ ਦਾ ਕੰਮ ਤਾਂ ਕਰਦਾ।"

.....ਤੇ ਮੈਂ ਪੋਲੀਓ ਕਾਰਨ ਲੱਤੋਂ ਲੰਗਾ, ਕੱਦੋਂ-ਰੰਗੋਂ ਕਿਕਰ ਦਾ ਕੀਲਾ, ਭਰਾਵਾਂ ਦੇ ਕੈਂਦਿਆਂ ਤੋਂ ਉੜ੍ਹਾ ਆੜ੍ਹਾ ਪੜ੍ਹਦਾ, ਬਾਪੂ ਦਾ ਵੱਗ ਚਾਰਦਾ, ਬੇਬੇ ਦੀ ਰਸੌਂਤੀ ਘਿਓ ਲਾਲ ਕੁੱਟੀ ਚੂਰੀ ਖਾਂਦਾ, ਬਾਪੂ ਦੀਆਂ ਜੇਠ ਦੇ ਦੁਪਹਿਰ ਵਰਗੀਆਂ ਤੱਤੀਆਂ-ਕੌੜੀਆਂ ਗਾਲ੍ਹਾਂ ਖਾਂਦਾ ਤੇ ਬੇਬੇ ਦੇ ਤਿਉਹ-ਮਲਾਰ ਦੀ ਛਾਂ ਹੇਠ ਪਲਦਾ ਗਭਰੂ ਹੁੰਦਾ ਗਿਆ।

"ਦੇਖੋ ਜੀ....ਮੁੰਡੇ ਮੇਰੇ ਦੋ ਈ ਨੇ.....ਤੀਜਾ ਵੱਗ ਚਾਰਨ ਲਈ ਲਤੀਫਾ ਮਿਲ ਗਿਆ.....ਮੈਂ ਜ਼ਮੀਨ ਵੱਡਿਆਂ ਦੋਹਾਂ ਮੁੰਡਿਆਂ ਦੇ ਨਾਂ ਲਵਾ ਦੇਣੀ ਆ .....ਵਿਆਹੁਣੇ ਏਹੀ ਦੋ ਨੇ.....ਜਿਹੜਾ ਮਰਜ਼ੀ ਪਸੰਦ ਕਰ ਲਵੋ!" ਇਕ ਸ਼ਾਮ ਲਾਹਮੋਂ ਆਏ ਬੰਦਿਆਂ ਨਾਲ ਬੈਠਾ ਬਾਪੂ ਕਹਿ ਰਿਹਾ ਸੀ।

ਹੰਝੂ ਕੇਰਦੀ ਬੇਬੇ ਮੈਨੂੰ ਆਪਣੀ ਬੁੱਕਲ 'ਚ ਲੈ ਕੇ ਕਹਿ ਰਹੀ ਸੀ, "ਪੁੱਤ! ਉਹ ਤੇਰਾ ਪਿਓ ਨੀਂ .....ਦੁਸ਼ਮਣ ਆ ਪਿਛਲੇ ਜਨਮ ਦਾ ਕੋਈ ਵੈਰ ਆ ਤੇਰੇ ਨਾਲ ਇਹਦਾ.....ਤੇਰਾ ਤਾਂ ਇਹਨੇ ਵਿਆਹ ਵੀ ਨੀਂ ਕਰਨਾ ....ਮੇਰੇ ਬਾਅਦ ਤੇਰਾ ਕੀ ਬਣੂ?" ਮਾਂ ਭੁੱਬਾਂ ਮਾਰ ਰਹੀ ਸੀ।

ਮੈਨੂੰ ਆਪਣਾ ਭਵਿੱਖ ਸੱਚੀਮੁੱਚੀਂ ਅੰਧੇਰਮਈ ਦਿਖਣ ਲੱਗਾ। ਆਪਣੇ ਪਿੰਡ ਦੇ ਡੁਬਈ ਰੀਟਰਨਡ ਮਜ਼ਦੂਰ, ਟਰਨਡ ਏਜੰਟ ਨਾਲ ਗੰਢ-ਤੁੱਪ ਕਰਕੇ ਇੱਕ ਦਿਨ ਬਾਪੂ ਦਾ ਸਾਰਾ ਵੱਗ ਜਗਰਾਵਾਂ ਦੀ ਮੰਡੀ ਤੇ ਨਿਲਾਮ ਕਰਕੇ ਮੈਂ ਫਰਾਰ ਹੋ ਗਿਆ। 'ਕਮਲਾ ਜਿਹਾ ਆਪੇ ਕਿਸੇ ਸਮੁੰਦਰ 'ਚ ਡੁੱਬ ਕੇ ਮਰਜੂ!' ਸ਼ਾਇਦ ਇਹ ਸੋਚ ਕੇ ਮੈਨੂੰ ਕੈਨੇਡਾ ਤੋਰ ਦਿੱਤਾ - ਪਰ ਹਵਾਈ ਜਹਾਜ਼ ਮੇਰੇ ਲਈ ਨੋਂਹ ਦੀ ਬੇੜੀ ਸਾਬਤ ਹੋਇਆ ਤੇ ਸਮਾਂ ਪਾ ਕੇ ਮੈਂ ਕੈਨੇਡਾ ਦਾ ਰਿਸਪਿਕਟਡ ਸਿਟੀਜਨ ਬਣ ਗਿਆ। ਚਾਰ ਸਾਲ ਬਾਅਦ ਇੰਡੀਆ 'ਚ ਆਪਣੇ ਪਿੰਡ ਬਾਪੂ ਦੇ ਘਰ ਪਹੁੰਚ ਗਿਆ - ਮੈਂ ਮੁਹਿੰਦਰ ਸਿੰਘ ਕੈਨੇਡੀਅਨ, - ਵਿਆਹ ਕਰਵਾਉਣ ਲਈ ....

"ਦੇਖੋ ਜੀ, ਸਿਆਣੇ ਕਹਿੰਦੇ ਆ.....ਜਦੋਂ ਕਿਸੇ ਦੇ ਘਰ ਪੁੱਤ ਜੰਮਦਾ ਤਾਂ ਘਰ ਦੀਆਂ ਨੀਂਹਾਂ ਹਿੱਲ ਜਾਂਦੀਆਂ .....ਸਿਆਣਿਆ ਨੇ ਕਿੰਨ੍ਹੀ ਠੀਕ ਗੱਲ ਕਹੀ ਹੈ .....ਜੇ ਪੁੱਤ ਨਲਾਇਕ ਜੰਮੇ ਤਾਂ ਘਰ ਦੀ ਇੱਟ ਇੱਟ ਕਰ ਦਿੰਦਾ ਹੈ, ਢਾਹ ਦਿੰਦਾ ਆ.....ਜਿਵੇਂ ਮੇਰੇ ਵੱਡੇ ਦੋ ਨਾਲਾਇਕ, ਕੁੱਤੇ ਦੇ ਬੀਆਂ ਨੇ ਕੀਤਾ .....ਤੇ ਜੇ ਪੁੱਤ ਲਾਇਕ ਜੰਮੇ ਤਾਂ ਪੁਰਾਣਾ ਢਾਹ ਕੇ ਨਵਾਂ ਪਾ ਦਿੰਦਾ ..... ਜਿਵੇਂ ਮੇਰੇ ਕੈਨੇਡੀਅਨ ਮਹਿੰਦਰ ਸਿਓਂ ਨੇ ਕੀਤਾ ....ਐਡਾ ਲਾਇਕ ਪੁੱਤ.....ਬੱਸ ਪੁੱਛੋ ਨਾ......!" ਬਾਪੂ ਮੇਰੇ ਇੰਡੀਆ ਪਹੁੰਚਣ ਤੇ ਮੈਨੂੰ ਦੇਖਣ ਤੇ ਮਿਲਣ ਆਏ ਲੋਕਾਂ ਨੂੰ ਬਿਨ੍ਹਾਂ ਪੁੱਛਣ ਦੇ ਕਹਿ ਰਿਹਾ ਸੀ।

ਤੇ ਫਿਰ ਮੈਨੂੰ ਦੇਖਣ ਦਿਖਾਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਸੀ।ਐਮ. ਏ., ਬੀ. ਏ. ਕੁੜੀਆਂ, ਗੋਰੀਆਂ - ਲੰਬੀਆਂ - ਸੁਹਣੀਆਂ ਕੁੜੀਆਂ, ਸਰਦਾਰਾਂ-ਸ਼ਾਹੂਕਾਰਾਂ ਦੀਆਂ ਕੁੜੀਆਂ।

"ਮੈਂ ਲੁਧਿਆਣੇ ਪੁਰਾਣੀਆਂ ਕਚਹਿਰੀਆਂ 'ਚ ਸੀਨੀਅਰ ਵਕੀਲ ਹਾਂ ....ਮੇਰੀ ਬੇਟੀ ਐਮ. ਏ. ਮਿਊਜ਼ਿਕ ਕਰ ਰਹੀ ਹੈ," ਕੋਈ ਸਾਹਿਬ ਬਾਪੂ ਨੂੰ ਕਹਿ ਰਹੇ ਸੀ। ਬਾਪੂ 'ਵਕੀਲ' ਦੇਖ ਕੇ ਸਹਿਮ ਗਿਆ, ਉਸ ਨੂੰ ਲੱਗਿਆ ਜਿਵੇਂ ਕਚਹਿਰੀ 'ਚ ਤਰੀਕ ਤੇ ਗਿਆ ਠੇਡੇ ਜਿਹੇ ਖਾਂਦਾ 'ਵਕੀਲ' ਦੇ ਦਫਤਰ ਸਾਹਮਣੇ ਬੈਠਾ ਹੋਵੇ। ਪਰ ਫਿਰ ਉਸ ਨੂੰ ਅਹਿਸਾਸ ਹੋ ਗਿਆ ਕਿ ਉਹ ਕੈਨੇਡੀਅਨ ਮਹਿੰਦਰ ਸਿੰਘ ਦਾ ਬਾਪੂ ਹੈ, ਮੁੱਛਾਂ ਨੂੰ ਤਾਅ ਦਿੰਦਾ ਬੋਲਿਆ, "ਗੌਰ ਕਰਾਂਗੇ ...ਜੀ!"

"ਸਾਡੇ ਪੰਜਾਹ ਟਰੱਕ ਚਲਦੇ ਨੇ ਬਿਹਾਰ 'ਚ, ਸਰਦਾਰ ਜੀ!" ਮੋਟਾ ਜਿਹਾ ਸਰਦਾਰ ਮੁੱਛਾਂ ਪਲੋਸਦਾ ਮੇਰੇ ਪਤਲੇ ਜਿਹੇ, ਕੱਚ-ਬੜੱਚੀ ਦਾਹੜੀ ਵਾਲੇ ਬਾਪ ਦੇ ਅੱਗੇ ਗਿੜਗਿੜਾ ਜਿਹਾ ਸੀ, "ਕੁੜੀ ਮੇਰੀ ਬਾਰਾਂ ਜਮਾਤਾਂ ਪਾਸ ਆ .... ਥੋਨੂੰ ਪਤਾ ਈ ਆ, ਵੱਡੇ ਘਰਾਂ ਦੇ ਜੁਆਕ ਕਿੱਥੇ ਪੜ੍ਹਦੇ ਨੇ.....ਹੀ ... ਹੀ... !" ਮੇਰੇ ਬਾਪ ਨੇ ਆਪਣੀ ਛਾਤੀ ਫੁੱਲਾ ਕੇ ਸਰਦਾਰ ਦੀ ਛਾਤੀ ਦੇ ਬਰਾਬਰ ਕਰਦਿਆਂ ਕਿਹਾ, "ਸੋਚਾਂਗਾ .....ਜੀ!"

ਆਫਰਜ਼ ਆਉਂਦੀਆਂ ਰਹੀਆਂ ਤੇ ਮੇਰਾ ਬਾਪੂ 'ਅੰਡਰ ਕਨਸਿਡਰੇਸ਼ਨ' ਦੀ ਫਾਈਲ 'ਚ ਦਰਜ ਕਰਦਾ ਰਿਹਾ।

"ਕਾਕੇ ਦਾ ਕੱਦ ਕਿੰਨਾ ਐ?" ਮੇਰੀ ਗੈਰ ਹਾਜ਼ਰੀ 'ਚ ਮੈਨੂੰ ਪਰਖਣ ਆਇਆ ਜੌਹਰੀ ਬਾਪ ਤੋਂ ਪੁੱਛ ਰਿਹਾ ਸੀ, ਕਿਉਂਕਿ ਮੈਂ ਤਾਂ ਆਰਮੀ ਨੇਵੀ ਸਟੋਰ 'ਚੋਂ ਸੈਕਿੰਡ ਹੈਂਡ ਸੇਲ ਤੇ ਲੱਗੀ ਜ਼ੀਨ ਜੈਕਟ ਪਾਈ ਸ਼ਹਿਰ ਆਪਣੇ ਦੋਸਤਾਂ ਨੂੰ ਪਿਆ ਰਿਹਾ ਬਾਦਸ਼ਾਹੀ ਦੇ ਕਿੱਸੇ ਸੁਣਾ ਰਿਹਾ ਸੀ।

"ਲਓ ਜੀ, ਜੱਟਾਂ ਦਾ ਮੁੰਡਾ, ਕੋਈ ਘੁਮਾਰ ਥੋੜੋ ਆ.... ਫੇਰ ਕਾਕਾ ਕੈਨੇਡਿਓਂ ਆਇਆ, ਕੋਈ ਐਥੇ ਕਲਰਕ-ਸਲਰਕ ਤਾਂ ਨੀ ਲੱਗਿਆ," ਬਾਪੂ ਬੜੇ ਮਾਣ ਨਾਲ ਕਹਿ ਰਿਹਾ ਸੀ। ਛਿੱਥੇ ਪੈਂਦੇ ਜੌਹਰੀ ਹੋਰੀਂ ਹੀ...ਹੀ... ਕਰਦੇ ਬੋਲੇ, "ਠੀਕ ਆ ....ਵੈਸੇ ਕਾਕਾ ਜੀ ਪੜ੍ਹੇ ਲਿਖੇ ਤੱਕ ਨੇ?"

"ਲਓ ਦੱਸੋ ਜੀ....ਤੁਸੀਂ ਵੀ ਜੁਆਕਾਂ ਆਲੀ ਕਰਤੀ ....ਭਲਾ ਥੋੜ੍ਹੇ ਪੜ੍ਹੇ ਲਿਖੇ ਨੂੰ ਕੈਨੇਡਾ ਆਲੇ ਕਿੱਥੇ ਵੜ੍ਹਨ ਦਿੰਦੇ ਆ....ਤੁਸੀਂ ਭੁੱਲ ਜਾਨੇਓਂ ਕਿ ਕਾਕਾ ਕੈਨੇਡਿਓਂ ਆਇਆ!"

"ਓ....ਜੀ.....ਓ।" ਜੌਹਰੀ ਦਾ ਮੂੰਹ ਜਿਹਾ ਸੀ ਨਹੀਂ ਬਣ ਰਿਹਾ, ਸ਼ਾਇਦ ਬਾਪੂ ਦੀ ' ਕਾਕਾ ਕੈਨੇਡਿਓਂ ਆਇਆ' ਦੀ ਦਲੀਲ ਅੱਗੇ। ਥੋੜ੍ਹਾ ਜਿਹਾ ਸੰਭਲਕੇ ਜੌਹਰੀ ਫਿਰ ਬੋਲਿਆ, "ਦੇਖੋ ਜੀ....ਧੀ ਦੇਣ ਲੱਗਿਆਂ ਘਰ ਦਰ ਦੀ ਪੈਰਵਾਈ ਤਾਂ ਕਰਦਾ ਈ ਆ....ਤੁਸੀਂ ਆਪ ਈ ਸਿਆਣੇ ਓ.....ਕਾਕੇ ਨੂੰ ਜ਼ਮੀਨ ਕਿੰਨੀ ਆਉਂਦੀ ਐ?"

"ਆਹ ਤਾਂ ਤੁਸੀਂ ਜਮ੍ਹਾ ਈ ਸਿਰੇ ਲਾਤੀ ....ਨਾ ਭਲਾ ਕੈਨੇਡਾ ਆਲੇ ਨੇ ਇੱਥੇ ਦੀ ਜ਼ਮੀਨ ਸਿਰ ਮਾਰਨੀ ਆ .....ਮੁਹਿੰਦਰ ਸਿਓਂ ਦੱਸਦਾ ਸੀ ਕਿ ਵ੍ਹਹ ਉੱਥੇ ਫਾਰਮ ਵਰਕਰ ਹੈ ....ਕੈਬਿਨ ਮਿਲੀ ਆ ਰਹਿਣ ਨੂੰ ....ਮੁਖਤ ....ਲਓ ਜੀ, ਆਪਣੇ ਐਧਰ ਮੁਖਤ ਬੰਗਲਾ ਸਰਕਾਰ ਡੀ. ਸੀ. ਨੂੰ ਦਿੰਦੀ ਆ, ਮਾੜੇ ਮੋਟੇ ਅਫਸਰ ਨੂੰ ਨਹੀਂ ....ਕਹਿੰਦਾ ਸੀ, "ਬਾਪੂ ਜੀ ਬੜੀਆਂ ਸਹੂਲਤਾਂ ਨੇ ...ਮੁਰਗੀ ਆਂਡਾ ਬਾਅਦ 'ਚ ਦਿੰਦੀ ਆ, ਤੇ ਇਹਦੀ ਫਰਿਜ 'ਚ ਪਹਿਲਾਂ ਆ ਜਾਂਦਾ ....!

"ਉਹ ਕਿਵੇਂ ਜੀ?" ਜੌਹਰੀ ਦਾ ਮੂੰਹ ਦੋ ਇੰਚ ਤੱਕ ਖੁਲ੍ਹ ਗਿਆ।

"ਆਪਾਂ ਕੀ ਜਾਣੀਏ ਜੀ....ਕੈਨੇਡਾ ਦੀਆਂ ਬਾਤਾਂ? ਆਂਡਾ ਤਾਂ ਕੀ ਅਚੰਭਾ....ਦੱਸਦਾ ਸੀ ਕਿ ਕੈਨੇਡਾ 'ਚ ਕੁੜੀ ਮਾਂ ਪਹਿਲਾਂ ਬਣਦੀ ਆ, ਬਹੂ ਬਾਅਦ 'ਚ ....ਹਾਂ ਸੱਚ ਮਹਿੰਦਰ ਸਿਓਂ ਹਜ਼ਾਰ ਓਧਰਲਾ ਤੇ ਦਸ ਹਜ਼ਾਰ ਇਧਰਲਾ ਲੈਂਦਾ .....ਐਥੇ ਕਿਸੇ ਨੂੰ ਐਨੀ ਤਨਖਾਹ ਮਿਲਦੀ ਹੈ ਜੀ?" ਬਾਪੂ ਨੇ ਜੌਹਰੀ ਅੱਗੇ ਸਵਾਲ ਖੜ੍ਹਾ ਕਰਕੇ ਨਿਰਉਤਰ ਕਰ ਦਿੱਤਾ।

.....ਤੇ ਮੈਂ ਕੈਨੇਡਿਓਂ ਆਇਆ ਕਾਕਾ, ਮੁਹਿੰਦਰ ਸਿਓਂ ਪੋਲੀਓ ਕਾਰਨ ਲੱਤੋਂ ਲੰਗਾ ਮਿਊਜਕ ਦੀ ਐਮ. ਏ. ਕੁੜੀ ਨਾਲ ਅਨੰਦ ਕਾਰਜ ਕਰਵਾਣ ਲਈ ਲਾੜਾ ਬਣ ਕੇ ਬਰਾਤ ਚੜ੍ਹ ਰਿਹਾ ਹਾਂ।

● ਸਰਕਾਰੇ ਜਹਾਂ ਦੀ ਦੁਲਹਿਨ

ਨਵੀਂ ਨਵੇਲੀ ਦੁਲਹਨ ਨੂੰ ਆਪਣੇ ਪਤੀ ਨਾਲ ਪਿਆਰ ਬਹੁਤ ਸੀ, ਪਰ ਉਹ ਨੂੰ ਇਹ ਗੱਲ ਕੁੱਝ ਚੰਗੀ ਨਹੀਂ ਸੀ ਜਾਪਦੀ ਕਿ ਹਰ ਥਾਂ ਉਹ ਨੂੰ ਸਰਕਾਰ ਮੀਆਂ ਦੀ ਦੁਲਹਿਨ ਆਖਿਆ ਜਾਵੇ। ਇੱਕ ਦਿਨ ਉਹਨੇ ਪਤੀ ਦੇ ਦਫਤਰ 'ਚ ਮਕਾਨ ਦੇ ਕਰਾਏ ਸਬੰਧੀ ਫੋਨ ਕੀਤਾ। ਸੰਜੋਗ ਨਾਲ ਪਤੀ ਮੌਜੂਦ ਨਹੀਂ ਸੀ। ਫੋਨ ਦਫਤਰ ਦੇ ਬੁੱਢੇ ਸੁਪਰਿੰਟੈਂਟ ਨੇ ਚੁੱਕਿਆ। ਪੂਰੀ ਗੱਲ ਸੁਣ ਕੇ ਉਹਨੇ ਕਿਹਾ ਮੇਰਾ ਖਿਆਲ ਹੈ ਕਿ ਮੈਨੂੰ ਸਰਕਾਰ ਮੀਆਂ ਦੀ ਦੁਲਹਿਨ ਨਾਲ ਗੱਲਬਾਤ ਕਰਨ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ?

ਨਵੀਂ ਨਵੇਲੀ ਦੁਲਹਿਨ ਨੇ ਵਿਗੜ ਕੇ ਕਿਹਾ - "ਮੇਰਾ ਨਾਂ ਫਰੀਦਾ ਏ" ਤੇ ਫੋਨ ਰੱਖ ਦਿੱਤਾ। ਸਰਕਾਰ ਮੀਆਂ ਦਫਤਰ ਵਾਪਸ ਆਏ ਤੇ ਮੇਜ਼ ਤੇ ਸੁਪਰਿੰਟਡੈਂਟ ਦੇ ਹੱਥ ਦਾ ਲਿਖਿਆ ਹੋਇਆ ਪਰਚਾ ਮਿਲਿਆ - "ਕਿਸੇ ਫਰੀਦਾ ਨੇ ਤੁਹਾਨੂੰ ਮਕਾਨ ਦਾ ਕਿਰਾਇਆ ਚੁਕਾਣ ਲਈ ਫੋਨ ਕੀਤਾ ਸੀ। ਕਿੰਨੀ ਸ਼ਰਮ ਦੀ ਗੱਲ ਏ। ਮੈਂ ਤਾਂ ਤੁਹਾਨੂੰ ਚੰਗਾ ਆਦਮੀ ਸਮਝਦਾ ਸੀ।"

AMBIKA FOODS

5125 Victoria Drive, Vancouver

PHONE: 327—0295

DUSSEHRA - DIWALI SPECIAL

Almond ਬਦਾਮ **6.89** 3 lb.	**Atta** ਆਟਾ **8.89** 2x10 kg.	**Long Grain Rice** ਲੌਂਗ ਗਰੇਨ ਚਾਵਲ **10.89** 20 kg. 44 lb

Sugar ਖੰਡ **5.89** 10 kg.	**Butter Salted** **2.38** lb.	**Vegetable Oil** **3.99** 3 lt.	**Pea Flour** ਬੇਸਣ **99¢** 2 kg.	**Chick Peas** ਕਾਬਲੀ ਛੋਲੇ **89¢** 19 oz. tin

Grind Your Own Masala	**Fresh Jimikand available now**

Vegetable Oil (pail) **19.79**	**Pachranga Achar** ਪਚਰੰਗਾ ਆਚਾਰ **1.49** tin	**Aluminum Stainless Steel Pots & Pans** **50% off**
Basmati Rice ਬਾਸਮਤੀ ਚਾਵਲ **59¢** lb	**Masar Whole** ਸਾਬਤ ਮਸਰ **29¢** lb	**Moong Whole** **49¢** lb
All Pickle on Sale from **1.49**	**Corn Oil** ਮੱਕੀ ਦਾ ਤੇਲ **28.99** 16 lit	**Parboil Rice** **10.99** 25 lb.
Safflo Oil ਸੇਫਲੋ ਤੇਲ **27.99** pail	**Cashews** ਕਾਜੂ **4.99** lb.	**Haldi** ਹਲਦੀ **99¢** lb
Rooh Afza ਰੂਹ ਅਫਜ਼ਾ **3.99** bottle	**Nabob Tea** ਨਵਾਬ ਚਾਹ **3.89** packet	**Milk** ਦੁੱਧ **3.39** 4 lit

Field Hockey Stick (For Professional) **6.99**	**Chyawan prash** **12.99** 1 kg.

ਸੰ ਸਾ ਰ ਦ ਰ ਪ ਣ

ਪਾਕਿਸਤਾਨ ਵਿਚ ਚੋਣਾਂ ਦੇ ਬਾਈਕਾਟ ਦਾ ਸੱਦਾ

ਬੇਨਜ਼ੀਰ ਭੁੱਟੋ ਵਲੋਂ ਫੌਜੀ ਜੁੰਡਲੀ ਦਾ ਵਿਰੋਧ

ਲੰਡਨ — ਪਾਕਿਸਤਾਨ ਪੀਪਲਜ਼ ਪਾਰਟੀ ਦੀ ਆਗੂ ਬੇਨਜ਼ੀਰ ਭੁੱਟੋ ਨੇ ਪਾਕਿਸਤਾਨ ਦੇ ਲੋਕਾਂ ਨੂੰ ਫੌਜੀ ਜੁੰਡਲੀ ਵਲੋਂ ਕਰਾਈਆਂ ਜਾ ਰਹੀਆਂ ਚੋਣਾਂ ਦੇ ਬਾਈਕਾਟ ਦਾ ਸੱਦਾ ਦਿੱਤਾ ਤੇ ਕਿਹਾ ਕਿ ਫੌਜੀ ਰਾਜ ਦਾ ਖਾਤਮਾ ਹੀ ਜਮਹੂਰੀ ਚੋਣਾਂ ਲਈ ਸਹਾਈ ਹੋ ਸਕਦਾ ਹੈ।

ਬੇਨਜ਼ੀਰ ਭੁੱਟੋ ਨੇ ਸਕਾਟਲੈਂਡ ਵਿਚ ਬੋਲਦਿਆਂ ਕਿਹਾ ਕਿ ਪੀਪਲਜ਼ ਪਾਰਟੀ ਅਤੇ ਹੋਰ ਪਾਰਟੀਆਂ ਨੇ ਇਸ ਲਈ ਚੋਣਾਂ ਦਾ ਬਾਈਕਾਟ ਕਰਨ ਦਾ ਦ੍ਰਿੜ ਇਰਾਦਾ ਕੀਤਾ ਹੈ ਕਿਉਂਕਿ ਫੌਜੀ ਰਾਜ ਅਧੀਨ ਚੋਣਾਂ ਇਕ ਤਮਾਸ਼ਾ ਹੀ ਹੈ। ਉਸ ਨੇ ਕਿਹਾ ਕਿ ਜ਼ੀਆ ਉਲ ਹੱਕ ਪਾਕਿਸਤਾਨ ਵਿਚ ਪੁਤਲੀਆਂ ਦੀ ਸਰਕਾਰ ਬਨਾਉਣ ਦੇ ਸੁਪਨੇ ਲੈ ਰਿਹਾ ਹੈ ਜੋ ਉਸ ਦੇ ਹੱਥਾਂ ਵਿਚ ਖੇਲਣ ਪਰ ਜਦ ਵਿਰੋਧੀਆਂ ਪਾਰਟੀਆਂ ਚੋਣਾਂ ਵਿਚ ਹਿਸਾ ਨਹੀਂ ਲੈਣਗੀਆਂ ਤਾਂ ਚੋਣਾਂ ਦਾ ਮਕਸਦ ਹੀ ਖਤਮ ਹੋ ਜਾਂਦਾ ਹੈ। ਮਿਸ ਭੁੱਟੋ ਨੇ ਕਿਹਾ ਕਿ ਜ਼ੀਆ ਦੀ ਸਰਕਾਰ ਗ਼ੈਰਕਾਨੂੰਨੀ ਅਤੇ ਗ਼ੈਰਵਿਧਾਨਕ ਹੈ ਕਿਉਂਕਿ ਜ਼ੀਆ ਨੇ ਇਕ ਚੁਣੀ ਹੋਈ ਸਰਕਾਰ ਦਾ ਤਖਤਾ ਉਲਟਾਇਆ ਅਤੇ ਫੌਜੀ ਰਾਜ ਸਥਾਪਤ ਕੀਤਾ। ਉਸ ਨੇ ਕਿਹਾ ਕਿ ਪਿਛਲੇ ਸੱਤ ਸਾਲ ਤੋਂ ਲੋਕਾਂ ਨੇ ਜ਼ੀਆ ਨੂੰ ਆਪਣਾ ਆਗੂ ਨਹੀਂ ਮੰਨਿਆ, ਇਸੇ ਲਈ ਮਾਰਸ਼ਲ ਲਾਅ ਲਾਗੂ ਰੱਖਿਆ ਗਿਆ ਹੈ।

ਫੌਜੀ ਰਾਜ ਤੇ ਹਮਲਾ ਕਰਦਿਆਂ ਮਿਸ ਭੁੱਟੋ ਨੇ ਕਿਹਾ ਕਿ ਪਾਕਿਸਤਾਨ ਦੇ ਲੋਕ ਫੌਜੀ ਬੂਟਾਂ ਥੱਲੇ ਮੱਸਲੇ ਜਾ ਰਹੇ ਹਨ। ਹਜ਼ਾਰਾਂ ਲੋਕ ਜੇਲ੍ਹਾਂ ਵਿਚ ਬੰਦ ਹਨ, ਔਰਤਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਵਾਲੇ ਹੱਕ ਮਿਲੇ ਹੋਏ ਹਨ ਅਤੇ ਰਾਜਸੀ ਵਰਕਰ ਜੇਲ੍ਹਾਂ ਵਿਚ ਬੰਦ ਕਰ ਦਿੱਤੇ ਹੋਏ ਹਨ।

ਮਿਸ ਭੁੱਟੋ ਨੇ ਕਿਹਾ ਕਿ ਰਾਣਾ ਸ਼ੌਕਤ ਮਹਿਮੂਦ, ਉਸਦੀ ਪਤਨੀ, ਮੁਸਤਫ਼ਾ ਜੈਤੋਈ, ਮੁਮਤਾਜ਼ ਅਲੀ ਭੁੱਟੋ ਵਰਗੇ ਦੇਸ਼ ਭਗਤ ਲੋਕ ਜਮਹੂਰੀ ਕੀਮਤਾਂ ਵਿਚ ਵਿਸ਼ਵਾਸ਼ ਕਰਨ ਵਾਲੇ ਸੀਖਾਂ ਪਿਛੇ ਬੈਠੇ ਹਨ।

ਮਿਸ ਭੁੱਟੋ ਨੇ ਕਿਹਾ ਕਿ ਜੇਕਰ ਜ਼ੀਆ ਸਰਕਾਰ ਧੱਕੇ ਨਾਲ ਚੋਣਾਂ ਕਰਵਾ ਵੀ ਲੈਂਦੀ ਹੈ ਤਾਂ ਪਾਕਿਸਤਾਨ ਦੇ ਟੁਕੜੇ ਕੀਤੇ ਜਾਣ ਲਈ ਜ਼ੀਆ ਹੀ ਜ਼ਿਮੇਂਵਾਰ ਹੋਵੇਗਾ। ਡਾ: ਗੁਲਾਮ ਹੁਸੈਨ, ਗੁਲਾਮ ਮੁਸਤਫ਼ਾ ਖਾਰ(ਪੰਜਾਬ ਦਾ ਪੁਰਾਣਾ ਗਵਰਨਰ) ਨੇ ਵੀ ਲੋਕਾਂ ਨੂੰ ਸੰਬੋਧਤ ਕੀਤਾ।



ਇਜ਼ਰਾਈਲ ਦੇ ਸਾਬਕ ਪ੍ਰਧਾਨ ਮੰਤਰੀ ਸ਼ਮੀਰ ਅਤੇ ਨਵੇਂ ਪ੍ਰਧਾਨ ਮੰਤਰੀ ਪੇਰੇਜ਼ 25,25 ਮਹੀਨੇ ਵਾਰੋ ਵਾਰੀ ਪ੍ਰਧਾਨ ਮੰਤਰੀ ਬਣਨ ਦੇ ਸਮਝੌਤੇ ਤੇ ਦਸਤਖਤ ਕਰਦੇ ਹੋਏ।

ਹਾਂਗਕਾਂਗ 1997 ਵਿੱਚ ਚੀਨ ਦੀ ਮਲਕੀਅਤ

ਲੰਡਨ - ਬਰਤਾਨਵੀ ਮੰਤਰੀ ਮੰਡਲ ਨੇ ਉਸ ਸਮਝੌਤੇ ਦੀ ਪ੍ਰਵਾਨਗੀ ਦੇ ਦਿੱਤੀ ਜਿਸ ਅਨੁਸਾਰ 1997 ਵਿੱਚ ਹਾਂਗਕਾਂਗ ਚੀਨ ਦੀ ਮਲਕੀਅਤ ਹੋ ਜਾਵੇਗਾ। ਇਸ ਹਫਤੇ ਚੀਨ ਦੀ ਸਰਕਾਰ ਵੀ ਇਸ ਦੀ ਪ੍ਰਵਾਨਗੀ ਬੀਜਿੰਗ ਵਿੱਚ ਮੀਟਿੰਗ ਸਮੇਂ ਦੇ ਦੇਵੇਗੀ।

ਗੁਜਰਾਤ ਵਿੱਚ ਦੋ ਧੜਿਆਂ ਦੀ ਲੜਾਈ

10 ਹਲਾਕ - ਪੰਜ ਜ਼ਖਮੀਂ

ਅਹਿਮਦਾਬਾਦ - ਚਮੋਲ ਅਤੇ ਟਿਬਾ ਪਿੰਡ ਜੋ ਭਾਵਨਗਰ ਦੇ ਨੇੜੇ ਹਨ, ਦੋ ਧੜਿਆਂ ਦੀ ਲੜਾਈ ਵਿੱਚ 10 ਬੰਦੇ ਮਾਰੇ ਗਏ ਅਤੇ ਪੰਜ ਜ਼ਖਮੀਂ ਹੋਏ। ਇਕ ਧੜਾ ਕਿਸੇ ਵਿਅਕਤੀ ਦੀ ਮੌਤ ਦੇ ਮਾਤਮ ਤੋਂ ਵਾਪਸ ਆ ਰਿਹਾ ਸੀ ਕਿ ਦੂਜੇ ਧੜੇ ਦੇ ਵਿਅਕਤੀਆਂ ਨੇ ਗੋਲੀਆਂ ਦੀ ਬੁਛਾੜ ਚਲਾ ਦਿੱਤੀ। ਅੱਠ ਵਿਅਕਤੀ ਥਾਂ ਤੇ ਹੀ ਮਾਰੇ ਗਏ ਅਤੇ ਦੋ ਹਸਪਤਾਲ ਜਾ ਕੇ ਪ੍ਰਾਣ ਛੱਡ ਗਏ। ਲੜਾਈ ਦਾ ਕਾਰਨ ਦੁਸ਼ਮਣੀ ਦੱਸਿਆ ਗਿਆ ਹੈ।

ਟਰੱਕ ਖੱਡ ਵਿੱਚ ਡਿੱਗਿਆ

ਛੇ ਵਿਅਕਤੀ ਹਲਾਕ

ਗੁਹਾਟੀ - ਪੂਜਾ ਕਰਨ ਲਈ ਟਰੱਕ ਤੇ ਜਾ ਰਹੇ ਵਿਅਕਤੀਆਂ ਵਿੱਚ ਉਸ ਸਮੇਂ ਛੇ ਵਿਅਕਤੀਆਂ ਦੀ ਮੌਤ ਹੋ ਗਈ ਜਦ ਟਰੱਕ ਖੱਡ ਵਿੱਚ ਜਾ ਡਿੱਗਾ।

9 ਮਜ਼ਦੂਰ ਹਲਾਕ

ਲਖਨਊ - ਮਾਲਕਨੰਦ ਦਰਿਆ ਵਿੱਚ ਇਕ ਟਰੱਕ ਦੇ ਡਿੱਗਣ ਕਾਰਨ 9 ਮਜ਼ਦੂਰ ਦਰਿਆ ਵਿੱਚ ਹੀ ਰੁੜ੍ਹ ਗਏ ਜਿੰਨ੍ਹਾਂ ਦੀਆਂ ਲਾਸ਼ਾਂ ਅਜੇ ਤੱਕ ਬਰਾਮਦ ਨਹੀਂ ਹੋ ਸਕੀਆਂ।

ਮਥਰਾ ਨੇੜੇ ਗੱਡੀ ਲੁੱਟ ਲਈ

ਮਥਰਾ - ਮਥਰਾ ਲਾਗੇ ਪੰਜਾਬ ਮੇਲ ਜੋ ਫੀਰੋਜ਼ਪੁਰ ਵੱਲ ਜਾ ਰਹੀ ਸੀ ਫਸਟ ਕਲਾਸ ਵਿੱਚ ਸਫਰ ਕਰਦੇ 40 ਮੁਸਾਫਰ ਲੁੱਟ ਲਏ ਗਏ। ਖਬਰ ਅਨੁਸਾਰ ਲੁਟੇਰਿਆਂ ਨੇ ਪਿਸਤੌਲ ਦੀ ਨੋਕ ਤੇ ਸਾਰਿਆਂ ਤੋਂ ਨਕਦ ਮਾਲ ਰਖ਼ਾ ਲਿਆ। ਸਾਰੇ ਲੁਟੇਰੇ ਹਥਿਆਰਬੰਦ ਸਨ। ਡੱਬੇ ਵਿੱਚ 40 ਮੁਸਾਫਿਰਾਂ ਤੋਂ ਗਹਿਣੇ, ਨਕਦੀ, ਘੜੀਆਂ ਅਤੇ ਹੋਰ ਕੀਮਤੀ ਚੀਜ਼ਾਂ ਖੋਹ ਲਈਆਂ ਗਈਆਂ। ਖਬਰ ਅਨੁਸਾਰ ਪੰਜ ਲੁੱਟੇਰੇ ਰਾਜਾ ਮੰਡੀ ਰੇਲਵੇ ਸਟੇਸ਼ਨ ਤੋਂ ਚੜ੍ਹੇ ਅਤੇ ਮਥਰਾ ਤੋਂ ਪਹਿਲਾਂ ਹੀ ਫਸਟ ਕਲਾਸ ਦਾ ਡੱਬਾ ਸਾਫ ਕਰ ਦਿੱਤਾ।

1 ਅਕਤੂਬਰ ਤੋਂ ਕੁੱਝ ਹੋਰ ਦੇਸ਼ਾਂ ਵੱਲੋਂ ਵੀਜ਼ਾ ਲਾਗੂ

ਨਵੀਂ ਦਿੱਲੀ - ਪਹਿਲੀ ਅਕਤੂਬਰ 1984 ਤੋਂ ਡੈਨਮਾਰਕ, ਸਵੀਡਨ, ਫਿਨਲੈਂਡ, ਆਈਸਲੈਂਡ ਅਤੇ ਨਾਰਵੇ ਨੇ ਭਾਰਤੀ ਸੈਲਾਨੀਆਂ ਉਤੇ ਵੀਜ਼ਾ ਸਿਸਟਮ ਲਾਗੂ ਕਰ ਦਿੱਤਾ ਹੈ। ਭਾਰਤ ਤੋਂ ਜਾਣ ਵਾਲੇ ਲੋਕਾਂ ਨੂੰ ਇੰਨ੍ਹਾਂ ਦੇਸ਼ਾਂ ਲਈ ਪਹਿਲੀ ਅਕਤੂਬਰ ਤੋਂ ਵੀਜ਼ਾ ਲੈਣਾ ਪਵੇਗਾ।

ਸਵੀਡਨ ਦੀ ਐਮਬੈਸੀ ਨੇ ਕਿਹਾ ਕਿ ਭਾਰਤ ਸਰਕਾਰ ਨੇ ਇੰਨ੍ਹਾਂ ਦੇਸ਼ਾਂ ਦੇ ਸ਼ਹਿਰੀਆਂ ਤੇ ਪਹਿਲਾਂ ਹੀ ਭਾਰਤ ਆਉਣ ਤੇ ਵੀਜ਼ਾ ਸਿਸਟਮ ਲਾਗੂ ਕੀਤਾ ਹੋਇਆ ਹੈ। ਇਸੇ ਕਾਰਨ ਨੌਰਡਿਕ ਦੇਸ਼ਾਂ ਨੇ ਵੀ ਭਾਰਤੀਆਂ ਉਤੇ ਇਹ ਰੋਕ ਲਾ ਦਿੱਤੀ ਹੈ।

ਸਾਂਝਿਆਂ ਵਿਚਾਰਾਂ

□ ਗੁਰਦਿਆਲ ਸਿੰਘ ਭਟੋਆ - ਪ੍ਰਿੰਸ ਜੌਰਜ

ਸਾਂਝਿਆਂ ਵਿਚਾਰਾਂ ਦੀ ਸ਼ਕਤੀ ਨੂੰ ਸਾਰੇ ਸੂਝਵਾਨਾਂ ਨੇ ਮੰਨਿਆ ਤੇ ਵਡਿਆਇਆ ਹੈ। ਇਹ ਵਿਚਾਰ ਹੀ ਸ਼ਕਤੀ ਹੈ ਜੋ ਜਗਤ ਨਾਲੋਂ ਉਚਾ ਅਸਥਾਨ ਦਿੰਦੀ ਹੈ। ਕਿਸੇ ਵਿਅਕਤੀ ਦੀ ਮੂਲ ਪਛਾਣ ਉਸ ਦੇ ਵਿਚਾਰਾਂ ਤੋਂ ਹੀ ਕੀਤੀ ਜਾਂਦੀ ਹੈ ਅਤੇ ਉਸ ਦੀ ਉਚਾਈ ਵੀ ਉਸ ਦੇ ਵਿਚਾਰਾਂ ਦੀ ਉਚਾਈ ਕਾਰਨ ਹੀ ਹੁੰਦੀ ਹੈ। ਵਿਚਾਰ ਕਿਵੇਂ ਉਪਜਦੇ ਹਨ? ਵਿਚਾਰ ਸਮਾਜ ਦੇ ਵਾਤਾਵਰਨ ਤੋਂ ਹੀ ਉਪਜਦੇ ਹਨ ਪਰ ਵਿਚਾਰ ਸਮਾਜ ਦੇ ਵਾਤਾਵਰਨ ਨੂੰ ਬਦਲਣ ਦੀ ਸ਼ਕਤੀ ਵੀ ਰੱਖਦੇ ਹਨ। ਪਰ ਜੇ ਬੜੇ ਹੀ ਠੰਡੇ ਦਿਲ ਦਿਮਾਗ ਨਾਲ ਵਿਚਾਰਾਂਗੇ ਤਾਂ ਹੀ ਅਸੀਂ ਸਮਾਜ ਦੇ ਵਾਤਾਵਰਨ ਨੂੰ ਰਾਹੇ ਰਾਸਤ ਤੇ ਲਿਆ ਸਕਾਂਗੇ। ਮਹਾਨ ਵਿਚਾਰ ਵੀ ਉਹ ਹੀ ਹੁੰਦੇ ਹਨ ਜੋ ਸਮੇਂ ਦੀ ਅਸਲੀਅਤ ਨੂੰ ਪਛਾਨਣ - ਤਾਂ ਹੀ ਅਸੀਂ ਕੌਮ ਨਾਲ ਹੋ ਰਹੀ ਬੇਇਨਸਾਫੀ ਨੂੰ ਸਮਝ ਸਕਾਂਗੇ ਜੇ ਅਸੀਂ ਜ਼ਲਦਬਾਜ਼ੀ ਕਰਾਂਗੇ, ਤੰਗ ਦਿਲ ਕਰਾਂਗੇ। ਫਿਰ ਅਸੀਂ ਠੀਕ ਵਿਚਾਰ ਵੀ ਨਹੀਂ ਕਰ ਸਕਾਂਗੇ ਤੇ ਤ੍ਰਿਖੀ ਚਰਚਾ ਵੀ ਹੋਵੇਗੀ। ਭਾਈਚਾਰੇ ਅਤੇ ਕੌਮਾਂ ਅਜਿਹੀਆਂ ਘਟਨਾਵਾਂ ਵਿੱਚੋਂ ਅਕਸਰ ਲੰਘਦੇ ਹੀ ਹਨ। ਅਜਿਹੇ ਸਮੇਂ ਤੇ ਹਰ ਵਿਅਕਤੀ ਤੋਂ ਚੰਗੇ ਵਿਚਾਰਾਂ ਦੀ ਆਸ ਕੀਤੀ ਜਾਂਦੀ ਹੈ। ਸਾਰੇ ਪਾਸੇ ਧਿਆਨ ਮਾਰਨਾ ਹੈ, ਆਪਣੇ ਹੀ ਹਿਤ ਵਾਲੇ ਪੱਖ ਨੂੰ ਹੀ ਧਿਆਨ ਵਿੱਚ ਰੱਖਣਾ ਸਿਆਣਪ ਨਹੀਂ ਹੈ, ਸਾਰੇ ਪੱਖਾਂ ਵੱਲ ਧਿਆਨ ਦੇਣਾ ਜ਼ਰੂਰੀ ਹੈ।

ਸਾਡੇ ਸਮਾਜ ਦੀਆਂ ਰਹੁ ਰੀਤਾਂ, ਧਾਰਮਿਕ ਵਿਚਾਰਾਂ, ਪਹਿਰਾਵਾ, ਰੋਜ਼ੀ ਰੋਟੀ ਕਮਾਉਣ ਦਾ ਢੰਗ ਵਸੀਲਾ। ਪੰਜਾਬ ਦਾ ਸਭਿਆਚਾਰ ਕੈਨੇਡਾ ਨਾਲੋਂ ਬੜਾ ਹੀ ਨਿਵੇਕਲਾ ਹੈ ਇਹ ਵੀ ਇੱਕ ਹੈ ਕਿ ਕੁਦਰਤ ਨੇ ਹਰ ਪ੍ਰਾਣੀ ਦੇ ਜ਼ੁੰਮੇ ਕੋਈ ਨਾ ਕੋਈ ਕੰਮ ਸੌਂਪਿਆ ਜ਼ਰੂਰ ਹੁੰਦਾ ਹੈ ਪਰ ਇਹ ਕੰਮ ਵੀ ਕਰਨੇ ਹਨ ਤੇ ਮਨ ਤੇ ਕਾਬੂ ਵੀ ਪਾ ਕੇ ਰੱਖਣਾ ਹੈ। ਅਸੀਂ ਜਿਸ ਗੇੜ ਵਿੱਚ ਫਸੇ ਹੋਏ ਹਾਂ ਇਸ ਗੇੜ ਵਿੱਚ ਮੱਲੋ ਮੱਲੀ ਆਦਮੀ ਬੇਕਾਬੂ ਹੋ ਜਾਂਦਾ ਹੈ। ਪਰ ਬੇਕਾਬੂ ਹੋਇਆ ਮਨ ਕੁਰਾਹੇ ਪੈ ਜਾਂਦਾ ਹੈ। ਉਸ ਦਾ ਆਪਣਾ ਜੀਵਨ ਤਾਂ ਦੁੱਖੀ ਹੋ ਹੀ ਜਾਂਦਾ ਹੈ, ਬਾਕੀਆਂ ਦਾ ਜੀਣਾ ਵੀ ਮੁਸ਼ਕਿਲ ਹੋ ਜਾਂਦਾ ਹੈ। ਦੁਨੀਆਂ ਨੂੰ ਵੱਸ ਕਰਨ ਦੀ ਥਾਂ ਆਪਣੇ ਮਨ ਨੂੰ ਕਾਬੂ ਪਹਿਲਾਂ ਕਰਨਾ ਚਾਹੀਦਾ ਹੈ। ਕੈਨੇਡਾ ਵਿੱਚ ਵਸ ਰਿਹਾ ਸਮਾਜ ਪੰਜਾਬ ਤੇ ਜੋ ਵੀ ਹਿੰਦ ਸਰਕਾਰ ਨੇ ਜ਼ੁਲਮ ਢਾਹਿਆ ਹੈ ਉਸ ਬਾਰੇ ਪੂਰਾ ਪੂਰਾ ਚਿੰਤਤ ਹੈ ਅਤੇ ਹਰ ਵਕਤ ਕੌਮ ਦੇ ਲੀਡਰਾਂ ਦੀ ਆਵਾਜ਼ ਸੁਣਨ ਨੂੰ ਬੇਤਾਬ ਰਹਿੰਦੇ ਹਨ ਅਤੇ ਹਰ ਤਰ੍ਹਾਂ ਦੀ ਸਹਾਇਤਾ ਕੀਤੀ ਵੀ ਅਤੇ ਕਰਨ ਨੂੰ ਵੀ ਤਿਆਰ ਹਨ।

ਪਰ ਇੱਕ ਹੀ ਬੇਨਤੀ ਕਰਦੇ ਹਨ ਕਿ ਕਿਸੇ ਵੀ ਜਲੂਸ, ਮੁਜ਼ਾਹਰੇ ਜਾਂ ਕਿਸੇ ਵੀ ਪ੍ਰੋਗਰਾਮ ਤੇ ਜਾਂ ਕਿਸੇ ਵੀ ਇਕੱਠ ਵਿੱਚ ਗਰਮ ਲਫਜ਼ ਬੋਲਣੇ ਜਾਂ ਹੱਥੋਪਾਈ ਕਰਨੀ ਕਿਸੇ ਕਿਸਮ ਦਾ ਨੁਕਸਾਨ ਕਰਨਾ ਖਾਸ ਕਰਕੇ ਇਨ੍ਹਾਂ ਮੁਲਕਾਂ ਵਿੱਚ ਸ਼ੋਭਾ ਨਹੀਂ ਦਿੰਦਾ ਕਿਉਂਕਿ ਇਹਨਾਂ ਮੁਲਕਾਂ ਦੇ ਤੌਰ ਤਰੀਕੇ ਹੀ ਕੁੱਝ ਹੋਰ ਹਨ। ਕੈਨੇਡਾ ਵਿੱਚ ਦੂਸਰੇ ਸਮਾਜ ਕਈ ਕਿਸਮ ਦੇ ਸਵਾਲ ਪੁੱਛਦੇ ਹਨ ਤੇ ਉਸ ਵਕਤ ਅੱਖਾਂ ਨੀਵੀਂਆਂ ਹੋ ਜਾਂਦੀਆਂ ਹਨ। ਇਹ ਨਹੀਂ ਜਾਣਦੇ ਕਿ ਇੰਨ੍ਹਾਂ ਸਿੱਖਾਂ ਨਾਲ ਪੰਜਾਬ ਵਿੱਚ ਕਿੰਨਾ ਜ਼ੁਲਮ ਹੋਇਆ ਇਹ ਤਾਂ ਸਿਰਫ ਮੌਕੇ ਦੇ ਹਾਲਾਤ ਨੂੰ ਹੀ ਦੇਖਦੇ ਹਨ। ਅੱਜ ਸਮਾਂ ਦਲੀਲ ਦਾ ਹੈ। ਮੈਂ ਪਹਿਲਾਂ ਵੀ ਬੇਨਤੀ ਕੀਤੀ ਹੈ ਕਿ ਠੰਡੇ ਦਿਲ ਦਿਮਾਗ ਨਾਲ ਹੀ ਸੋਚ ਕੇ ਸੇਧ ਮਿਲਣੀ ਹੈ, ਸਬਰ ਨੇ ਹੀ ਕੰਮ ਸੰਵਾਰਨਾ ਹੈ। ਕੌਮ ਦਾ ਦੁੱਖ ਅਸੀਂ ਹੀ ਵੰਡਾ ਸਕਾਂਗੇ ਜੇ ਕੋਈ ਢੁੱਕਵਾਂ ਹੱਲ ਲੱਭਿਆ ਜਾਵੇ। ਸਮਾਜ ਪਹਿਲਾਂ ਹੀ ਬੋਝ ਨਾਲ ਦੱਬਿਆ ਪਿਆ ਹੈ ਇਸ ਤੇ ਗਰਮ ਜੋਸ਼ੀ ਦਾ ਹੋਰ ਬੋਝ ਨਾ ਪਾਓ। ਠੰਢਿਆਂ ਵਿਚਾਰਾਂ ਨਾਲ ਸਮਾਜ ਨੂੰ ਸੇਧ ਦੇਵੋ। ਸਮਾਜ ਹਰ ਕਿਸਮ ਦਾ ਭਾਰ ਚੁੱਕਣ ਲਈ ਤਿਆਰ ਹੈ।

ਸਮਾਜ ਵਿੱਚ ਕਈ ਵਾਰ ਖੁਸ਼ੀ ਗਮੀ ਤੇ ਜੋ ਸਧਾਰਨ ਇਕੱਠ ਹੋ ਜਾਂਦੇ ਹਨ ਉਥੇ ਫਿਰ ਸਧਾਰਨ ਵਿਚਾਰਾਂ ਚੱਲ ਪੈਂਦੀਆਂ ਹਨ ਉਹਨਾਂ ਵਿਚਾਰਾਂ ਦਾ ਨਿਚੋੜ ਹੀ ਆਪ ਜੀ ਦੀ ਸੇਵਾ ਵਿੱਚ ਪੇਸ਼ ਕੀਤਾ ਹੈ। ਇਹ ਹੀ ਸਾਡੀ ਬੇਨਤੀ ਹੈ, ਪ੍ਰਵਾਨ ਕਰਨੀ। ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹਿ।

● ਪਿਆਰਾ ਰੰਗ

ਇੱਕ ਮੋਟੀ ਇਸਤਰੀ ਕੱਪੜੇ ਦੀ ਦੁਕਾਨ 'ਤੇ ਗਈ ਤੇ ਦੁਕਾਨਦਾਰ ਨੂੰ ਬੋਲੀ - "ਮੇਰੇ ਲਈ ਕਿਹੜੇ ਰੰਗ ਦਾ ਕੱਪੜਾ ਠੀਕ ਰਵ੍ਹੇਗਾ?"

ਦੁਕਾਨਦਾਰ ਨੇ ਕੁੱਝ ਦੇਰ ਸੋਚਣ ਮਗਰੋਂ ਕਿਹਾ - "ਬੀਬੀ ਜੀ! ਜਦੋਂ ਰੱਬ ਨੇ ਤਿੱਤਲੀ ਨੂੰ ਬਣਾਇਆ ਤਾਂ ਉਹਨੂੰ ਕਈ ਰੰਗ ਦਿੱਤੇ, ਪਰ ਜਦੋਂ ਹਾਥੀ ਬਣਾਇਆ, ਤਾਂ ਉਹਨੂੰ ਕੇਵਲ ਭੂਰਾ ਰੰਗ ਦਿੱਤਾ।"

ਪੱਛਮੀ ਬੰਗਾਲ ਦੇ ਫਰੰਟ ਲੀਡਰ ਰਾਸ਼ਟਰਪਤੀ ਨੂੰ ਮਿਲੇ

ਨਵੀਂ ਦਿੱਲੀ — ਪੱਛਮੀ ਬੰਗਾਲ ਦੇ ਖੱਬੇ-ਪੱਖੀ ਫਰੰਟ ਦਾ ਇਕ ਡੇਲੀਗੇਸ਼ਨ ਰਾਸ਼ਟਰਪਤੀ ਨੂੰ ਮਿਲਿਆ ਤੇ 70 ਲੱਖ ਲੋਕਾਂ ਦੇ ਦਸਤਖਤਾਂ ਵਾਲਾ ਮੈਮੋਰੈਂਡਮ ਰਾਸ਼ਟਰਪਤੀ ਨੂੰ ਦਿਤਾ ਜਿਸ ਵਿਚ ਮੰਗ ਕੀਤੀ ਗਈ ਕਿ ਰਾਜਾਂ ਨੂੰ ਵਿਧਾਨਕ ਤੌਰ ਤੇ ਵੱਧ ਅਧਿਕਾਰ ਦਿਤੇ ਜਾਣ ਅਤੇ ਨਾਲ ਹੀ ਆਰਥਿਕ ਤੌਰ ਤੇ ਮਜ਼ਬੂਤੀ ਲਈ ਹੋਰ ਤਾਕਤ ਦਿਤੀ ਜਾਵੇ।

ਮੈਮੋਰੈਂਡਮ ਵਿਚ ਮੰਗ ਕੀਤੀ ਗਈ ਹੈ ਕਿ ਕੇਂਦਰ ਸਰਕਾਰ ਦਾ ਰਾਜਾਂ ਪ੍ਰਤੀ ਵਤੀਰਾ ਠੀਕ ਨਹੀਂ। ਮੈਮੋਰੈਂਡਮ ਵਿਚ ਦੋਸ਼ ਲਾਇਆ ਗਿਆ ਹੈ ਕਿ ਪੱਛਮੀ ਬੰਗਾਲ ਵਲੋਂ ਪਾਸ ਕੀਤੇ ਭੂਮੀ ਸੁਧਾਰ ਬਿੱਲ ਅਤੇ ਵਰਕਰਾਂ ਦੀ ਭਲਾਈ ਦੇ ਬਿੱਲ ਅਤੇ ਕਾਲਜਾਂ ਨੂੰ ਸਰਕਾਰੀ ਪ੍ਰਬੰਧ ਲਿਆਉਣ ਦੇ ਬਿੱਲਾਂ ਨੂੰ ਲਾਗੂ ਕਰਨ ਵਿਚ ਕੇਂਦਰ ਸਰਕਾਰ ਰੋਕ ਪਾ ਰਹੀ ਹੈ।

ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਫਰੰਟ ਦੇ ਬੁਲਾਰੇ ਸੋਮਨਾਥ ਚੈਟਰਜੀ, ਮੈਂਬਰ ਪਾਰਲੀਮੈਂਟ ਨੇ ਕਿਹਾ ਕਿ ਇੰਡਸਟਰੀ ਦੀ ਤਰੱਕੀ ਵਿਚ ਕੇਂਦਰ ਸਰਕਾਰ ਰੋਕਾਂ ਪਾ ਰਹੀ ਹੈ। ਜਦ ਤੋਂ ਫਰੰਟ ਸਰਕਾਰ ਪੱਛਮੀ ਬੰਗਾਲ ਵਿਚ ਬਣੀ ਹੈ ਇਥੇ ਵੀ ਕਾਰਖਾਨਾ ਲਾਉਣ ਦੀ ਇਜਾਜ਼ਤ ਨਹੀਂ ਦਿਤੀ ਗਈ। ਚੈਟਰਜੀ ਨੇ ਦੋਸ਼ ਲਾਇਆ ਕਿ ਪ੍ਰਾਈਵੇਟ ਮਾਲਕਾਂ ਨੂੰ ਕਾਰਖਾਨੇ ਪੱਛਮੀ ਬੰਗਾਲ ਤੋਂ ਬਾਹਰ ਲੈ ਜਾਣ ਲਈ ਜ਼ੋਰ ਪਾਇਆ ਗਿਆ।

ਅਮਰੀਕੀ ਕਮੇਟੀ ਫੈਸਲਾ ਬਦਲਿਆ

ਵਾਸ਼ਿੰਗਟਨ — ਅਮਰੀਕੀ ਪ੍ਰਤੀਨਿਧ ਸਦਨ ਦੀ ਬਦੇਸ਼ੀ ਮਾਮਲਿਆਂ ਬਾਰੇ ਸਬ ਕਮੇਟੀ ਪੰਜਾਬ ਸਥਿਤੀ ਬਾਰੇ ਸੁਣਵਾਈ ਨਹੀਂ ਕਰੇਗੀ। ਇਹ ਐਲਾਨ ਸਬ ਕਮੇਟੀ ਦੇ ਸਟਾਫ ਡਾਇਰੈਕਟਰ ਵਿਲੀਅਨ ਬਰਨਡੇਜ਼ ਨੇ ਕੀਤਾ। ਸਬ ਕਮੇਟੀ ਨੇ ਅਮਰੀਕਾ ਵਿਚ ਰਹਿੰਦੇ ਵੱਖਵਾਦੀ ਸਿੱਖ ਅਨਸਰਾਂ ਦੇ ਚੁਕਣ ਤੇ ਪੰਜਾਬ ਸਥਿਤੀ ਉਤੇ ਸੁਣਵਾਈ ਦੀ ਗੱਲ ਕਹੀ ਸੀ।

ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ ਦੀ ਪੰਜਾਬ ਸਮੱਸਿਆ ਬਾਰੇ ਸਟੇਟਮਿੰਟ

ਅਜੋਕੇ ਪੰਜਾਬ ਦੀ ਸਥਿਤੀ ਫਿਰਕੂ ਲੀਹਾਂ ਤੇ ਵੰਡ ਵਾਲੀ ਬੜੀ ਗੰਭੀਰ, ਚਿੰਤਾਜਨਕ, ਦੁੱਖਦਾਈ ਹੈ ਅਤੇ ਫੁੱਟ ਪਾਊ ਤੇ ਵੱਖਵਾਦੀ ਅਨਸਰ ਸਰਗਰਮ ਹਨ। ਇਸ ਸਾਰੀ ਸਥਿਤੀ ਲਈ ਕਾਂਗਰਸ ਸਰਕਾਰ ਦੀਆਂ ਸਰਮਾਏਦਾਰ ਜਾਗੀਰੂ ਨੀਤੀਆਂ ਹਨ ਜੋ ਭਾਰਤ ਨੂੰ ਸਰਮਾਏਦਾਰੀ ਦੀਵਾਲੀਆ ਰਾਹ ਦੇ ਚੱਲ ਕੇ ਭਾਰਤ ਵਿੱਚ ਲੋਕ ਵਿਰੋਧ, ਵੰਡ ਪਊ, ਵੱਖਵਾਦੀ, ਫਿਰਕੂ, ਲੋਕਾਂ ਨੂੰ ਪਾੜਨ, ਘੱਟ ਗਿਣਤੀਆਂ ਨੂੰ ਦਬਾਉਣ, ਫਿਰਕੂ ਫਸਾਦ ਕਰਾਉਣ ਅਤੇ ਏਕਾ ਅਧਿਰਕਾਰਵਾਦ ਵੱਲ ਜਾਣ ਤੇ ਜਮਹੂਰੀਅਤ ਨੂੰ ਕਤਲ ਕਰਨ ਦੀਆਂ ਘਟਨਾਵਾਂ ਤੇ ਪਾਲਸੀਆਂ ਲਈ ਜ਼ਿੰਮੇਵਾਰ ਹੈ। ਦੂਜੇ ਪੰਜਾਬ ਦਾ ਮਸਲਾ ਸਿਆਸੀ ਹੈ ਅਤੇ ਸਿਆਸੀ ਹੱਲ ਦੀ ਲੋੜ ਹੈ। ਪ੍ਰਬੰਧਕੀ ਢੰਗ ਸਹੀ ਢੰਗ ਨਹੀਂ ਤੇ ਸਿੱਟੇ ਵਜੋਂ ਗਲਤ ਕਦਮ ਤੇ ਗਲਤ ਨਤੀਜੇ ਨਿਕਲਣੇ ਹਨ।

ਨਾਲ ਹੀ ਪੰਜਾਬ ਵਿੱਚ ਫਿਰਕੂ ਕਤਲ, ਅੱਤਵਾਦ ਅਤੇ ਦਹਿਸ਼ਤ ਪਸੰਦੀ ਅਤੇ ਤੋੜ ਫੋੜ ਨੇ ਭੀ ਵੱਡਾ ਰੋਲ ਅਦਾ ਕੀਤਾ। ਅਕਾਲੀ ਦਲ ਨੇ ਭੀ ਅਤਿਵਾਦ ਤੇ ਵੱਖਵਾਦ ਤੋਂ ਸਪੱਸ਼ਟ ਠੋਕਵਾਂ ਨਖੇੜਾ ਨਾ ਕੀਤਾ ਅਤੇ ਅਤਿਵਾਦ ਨੂੰ ਭੰਡਣ ਦੀ ਥਾਂ ਸਗੋਂ ਧਾਰਾ ਪੱਚੀ ਨੂੰ ਜਾਲਣ ਵੱਲ ਦੇ ਕੁਰਾਹੇ ਤੁਰ ਪਏ। ਹਿੰਦੂ ਅਤਿਵਾਦ ਨੇ ਭੀ ਹਿਸਾ ਪਾਇਆ।

ਅੰਮ੍ਰਿਤਸਰ ਤੇ ਹੋਰ ਥਾਵਾਂ ਤੇ ਫੌਜੀ ਐਕਸ਼ਨ ਨੂੰ ਟਾਲਿਆ ਜਾ ਸਕਦਾ ਸੀ ਜੇ ਕਰ ਕਾਂਗਰਸ ਸਰਕਾਰ ਸਿਆਸੀ ਹੱਲ ਕਰਦੀ ਅਤੇ ਸਮਝੌਤਿਆਂ ਤੋਂ ਨਾਂ ਮੁਕਰਦੀ। ਗੱਲ ਸੂਬਿਆਂ ਨੂੰ ਵੱਧ ਅਧਿਕਾਰਾਂ, ਜਮਹੂਰੀਅਤ ਨੂੰ ਬਚਾਉਣ ਦੀ ਹੈ ਅਤੇ ਉਹ ਤਾਂ ਕਾਂਗਰਸ ਗੱਦੀ ਤੋਂ ਲਾਹ ਕੇ ਲੋਕ ਜਮਹੂਰੀਅਤ ਵਿੱਚ ਹੋਣਾ ਹੈ। ਪਰ ਇਸ ਸਮੇਂ ਲੋਕ ਜਮਹੂਰੀਅਤ ਤੋਂ ਪਹਿਲਾਂ ਖੱਬੇ ਜਮਹੂਰੀ ਫਰੰਟ ਰਾਹੀਂ ਕਾਂਗਰਸ ਨੂੰ ਲਾਹੁਣਾ ਤੇ ਫਿਰ ਸੂਬਿਆਂ ਦੇ ਵੱਧ ਅਧਿਕਾਰ ਘੱਟ ਗਿਣਤੀ ਦੀ ਰਾਖੀ ਅਤੇ ਸਹੀ ਹੱਦ ਬੰਨੇ ਤੇ ਸਵਾਲ ਹੱਲ ਕਰਨੇ ਹਨ। ਇਸ ਸਮੇਂ ਅਸੀਂ ਇਸ ਰਾਏ ਦੇ ਹਾਂ:-

ਹਰਿਮੰਦਰ ਸਾਹਿਬ ਵਿੱਚੋਂ ਫੌਜੀ ਕੱਢੀ ਜਾਵੇ ਅਤੇ ਕਾਰ ਸੇਵਾ ਦਾ ਕੰਮ ਪੰਜ ਸਿੰਘ ਸਾਹਿਬਾਨ ਦੇ ਰਾਹੀਂ ਬਾਬਾ ਖੜਕ ਸਿੰਘ ਨੂੰ ਸੌਂਪਿਆ ਜਾਵੇ। ਪੰਜਾਬ ਮਸਲੇ ਦਾ ਸਿਆਸੀ ਹੱਲ ਕੀਤਾ ਜਾਵੇ। ਚੰਡੀਗੜ੍ਹ ਪੰਜਾਬ ਨੂੰ ਅਤੇ ਪਿੰਡ ਨੂੰ ਭਾਸ਼ਾਈ ਇਕਾਈ ਮੰਨ ਕੇ, ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦਿੱਤੇ ਜਾਣ। ਹਰਿਆਣੇ ਨੂੰ ਰਾਜਧਾਨੀ ਬਣਾਉਣ ਲਈ ਪੈਸੇ ਅਤੇ ਹਿੰਦੀ ਬੋਲਦੇ ਪਿੰਡ ਹਰਿਆਣੇ ਨੂੰ ਦੇ ਦਿੱਤੇ ਜਾਣ। ਪਾਣੀ ਅਤੇ ਬਿਜਲੀ ਆਦਿ ਮਸਲੇ ਸੁਪਰੀਮ ਕੋਰਟ ਨੂੰ ਹੱਲ ਲਈ ਦਿੱਤੇ ਜਾਣ। ਸਿੱਖਾਂ ਦੇ ਧਾਰਮਿਕ ਮਸਲਿਆਂ ਵਿੱਚ ਸਰਕਾਰੀ ਦਖਲ ਬੰਦ ਅਤੇ ਸਿੱਖ ਇਤਰਾਜ ਤੇ ਗਿਲੇ ਸ਼ਿਕਵੇ ਸੁਣੇ ਤੇ ਹੱਲ ਕੀਤੇ ਜਾਣ।

ਗੁਰਦੁਆਰਾ ਸਾਹਿਬਾਨ ਨੂੰ ਸਿਰਫ ਧਾਰਮਿਕ ਕੰਮਾਂ ਲਈ ਹੀ ਵਰਤਿਆ ਜਾਵੇ ਅਤੇ ਧਾਰਮਿਕ ਅਸਥਾਨਾਂ ਭਾਵ ਗੁਰਦੁਆਰਾ ਸਾਹਿਬਾਨ ਅੰਦਰ ਹਥਿਆਰ ਲਿਜਾਣ ਦੀ ਸਖਤ ਮਨਾਹੀ ਹੋਵੇ (ਗਾਤਰਾ ਕ੍ਰਿਪਾਨ ਤੋਂ ਬਿਨਾਂ) ਵੱਖਵਾਦੀ ਤੇ ਸਾਮਰਾਜੀ ਸਾਜ਼ਿਸ਼ਾਂ ਦਾ ਵਿਰੋਧ ਕੀਤਾ ਜਾਏ ਤੇ ਹਾਰ ਦਿੱਤੀ ਜਾਵੇ। ਹੁਣ ਕਾਂਗਰਸ ਸਰਕਾਰ ਦਾ ਸਿੰਘ ਸਾਹਿਬਾਨ ਵੱਲੋਂ ਸੱਦੀ ਗਈ ਸਿੱਖ ਕਨਵੈਨਸ਼ਨ ਨੂੰ ਨਾ ਹੋਣ ਦੇਣਾ, ਅੜਿਕਾ ਡਾਹੁਣਾ ਤੇ ਇਜ਼ਾਜਤ ਨਾ ਦੇਣਾ ਗੈਰ ਜਮਹੂਰੀ ਹੈ ਅਤੇ ਕਾਨਫਰੰਸ ਦੀ ਖੁਲ੍ਹ ਚਾਹੀਦੀ ਸੀ।

ਸੋ ਪੰਜਾਬ ਦਾ ਮਸਲਾ ਅਤੇ ਸਿੱਖਾਂ ਦੇ ਧਾਰਮਿਕ ਮਸਲੇ ਦਾ ਹੱਲ ਵੱਖਵਾਦ ਅਤੇ ਸਾਮਰਾਜੀ ਸਾਜ਼ਿਸ਼ਾਂ ਦੇ ਹੱਥ ਵਿੱਚ ਖੇਲਣ ਵਿੱਚ ਨਹੀਂ। ਇਸ ਤਰ੍ਹਾਂ ਤਾਂ ਸਗੋਂ ਸਾਮਰਾਜੀ ਕੱਠਪੁੱਤਲੀ ਬਨਣਾ ਹੈ, ਹੱਲ ਹੈ। ਭਾਰਤ ਦੀ ਆਖੰਡਤਾ, ਸਾਮਰਾਜੀ ਸਾਜ਼ਿਸ਼ਾਂ ਨੂੰ ਫੇਹਲ ਕਰਨਾ ਅਤੇ ਭਾਰਤ ਦੀ ਖੱਬੇ ਤੋਂ ਜਮਹੂਰੀ ਲਹਿਰ ਨਾਲ ਚੱਲ ਕੇ ਜੱਦੋ ਜਹਿਦ ਕੀਤੀ ਜਾਵੇ।

ਕੈਨੇਡਾ ਵਿੱਚ ਭਾਰਤੀ ਕਮਿਊਨਿਟੀ ਵਿੱਚ ਏਕਤਾ, ਸਦ ਭਾਵਨਾ ਤੇ ਭਰਾਤਰੀ [illegible] ਰੱਖਣ ਬਾਰੇ ਅਸੀਂ ਦ੍ਰਿੜ ਹਾਂ। ਸਾਡਾ ਕੈਨੇਡਾ ਵਿੱਚ ਦਾ ਵਿਰਸਾ ਭੀ ਇਹ [illegible] ਉਂਦਾ ਹੈ ਕਿ ਧਰਮ ਜਾਤ ਪਾਤ ਅਤੇ ਇਲਾਕੇ ਤੋਂ ਉਪਰ ਉਠ ਕੇ ਅਸੀਂ ਆਪਸੀ ਭਰਾਤਰੀ ਭਾਵ, ਪਿਆਰ ਤੇ ਸਦਭਾਵਨਾ ਕਾਇਮ ਰੱਖੀਏ। ਕਿਸੇ ਵਿਅਕਤੀ ਜਾਂ ਗਰੁੱਪ ਤੇ ਫਿਰਕੇ ਜਾਂ ਧਰਮ ਦੇ ਲੋਕਾਂ ਨੂੰ ਧਮਕਾਉਣ ਜਾਂ ਦਬਾਉਣ ਦੀਆਂ ਗੱਲਾਂ ਸਾਨੂੰ ਕਮਜ਼ੋਰ ਕਰਦੀਆਂ ਹਨ। ਨਸਲਵਾਦ ਤੇ ਫਿਰਕੂ ਜ਼ਹਿਰ ਵਧਾਉਂਦੀਆਂ ਅਤੇ ਸਾਮਰਾਜੀ ਚਾਲਾਂ ਨੂੰ ਸਫਲ ਕਰਨ ਵਿੱਚ ਸਹਾਈ ਹੁੰਦੀਆਂ ਹਨ। ਇੱਥੇ ਅਸੀਂ ਸਫਲਤਾ ਪ੍ਰਾਪਤ ਕਰਨੀ ਹੈ ਤਾਂ ਫਿਰ ਸਭ ਭਾਰਤੀ ਭਾਈ ਭਾਈ ਹਾਂ ਅਤੇ ਕਨੇਡੀਅਨ ਕਾਮੇ ਦਾ ਸਾਥ ਲੈਣਾ ਹੈ ਪਰ ਜੇ ਆਪਾਂ ਫਿਰਕੂ ਲੀਹਾਂ ਤੇ ਲੜੇ ਤਾਂ ਸਾਥ ਗੁਆ ਬੈਠਾਂਗੇ। ਵਿਅਕਤੀ ਰਾਏ ਰੱਖਣ ਦਾ ਹੱਕ ਰੱਖਦੇ ਹੋਏ, ਪ੍ਰਸਾਰ ਮੀਡੀਏ ਨੂੰ ਭੀ ਭਰਾਤਰੀ ਭਾਵ ਲਈ ਉਸਾਰੂ ਰੋਲ ਅਦਾ ਕਰਨਾ ਜ਼ਰੂਰੀ ਹੈ। ਆਓ ਇਕੱਠੇ ਹੋ ਕੇ ਸਾਮਰਾਜੀ ਵੰਡ ਪਾਊ ਚਾਲਾਂ ਜੋ ਭਾਰਤ ਤੇ ਸਾਨੂੰ ਲੀਰੋ ਲੀਰ ਕਰਨਾ ਚਾਹੁੰਦੀਆਂ ਹਨ ਉਸ ਨੂੰ ਹਾਰ ਦੇਈਏ ਅਤੇ ਨਾਲ ਹੀ ਭਾਰਤੀ ਕਾਂਗਰਸ ਹਾਕਮਾਂ ਦੀਆਂ ਲੋਕ ਮਾਰੂ ਨੀਤੀਆਂ ਨੂੰ ਭੀ ਨੰਗਿਆਂ ਕਰੀਏ ਅਤੇ ਫਿਰਕੂ ਜ਼ਹਿਰ ਤੇ ਵੱਖਵਾਦ ਨੂੰ ਤਲਾਂਜਲੀ ਦੇ ਕੇ ਸਾਂਝੇ ਹੱਕਾਂ ਲਈ ਸਾਂਝੇ ਤੌਰ ਤੇ ਲੜੀਏ।

ਅਸੀਂ ਕਿਸੇ ਵੱਲੋਂ ਭੀ ਲੋਕਾਂ ਨੂੰ ਧਰਮ, ਜਾਤ ਪਾਤ, ਇਲਾਕਾਬਾਜ਼ੀ, ਨਸਲਵਾਦੀ ਅਤੇ ਫਿਰਕੂ ਲੀਹਾਂ ਉਪਰ ਵੰਡਣ, ਨਫਰ ਵਧਾਉਣ ਅਤੇ ਅਣਚਾਹਤ ਐਕਸ਼ਨ ਕਰਨ ਜਾਂ ਦਹਿਸ਼ਤ ਪਸੰਦ ਧਮਕਾਆਂ ਜਾਂ ਐਕਸ਼ਨ ਆਦਿ ਦੇ ਵਿਰੁੱਧ ਹਾਂ ਅਤੇ ਸਖਤ ਨਿੰਦਾ ਕਰਦੇ ਹਾਂ। ਹਰ ਇਕ ਨੂੰ ਨਿੱਜੀ ਵਿਚਾਰ ਰੱਖਣ ਦੀ ਖੁਲ੍ਹ ਹੈ ਅਤੇ ਵਿਚਾਰਧਾਰਕ ਲੜਾਈ ਹੈ। ਅਸੀਂ ਲੋਕਾਂ ਨੂੰ ਹੋਕਾ ਦਿੰਦੇ ਹਾਂ ਕਿ ਆਓ ਇਕੱਠੇ ਹੋ ਕੇ ਹਰ ਵਖਰੇਵੇਂ ਵਾਲੀ ਤੇ ਵੰਡਪਾਊ ਗੱਲ ਨੂੰ ਹਾਰ ਦੇਈਏ ਅਤੇ ਲੋਕ ਹੱਕਾਂ ਲਈ ਲੋਟੂਆਂ ਤੇ ਸਾਮਰਾਜੀ ਸਾਜ਼ਿਸ਼ਾਂ ਵਿਰੁੱਧ ਤੇ ਨਸਲਵਾਦ ਵਿਰੁੱਧ ਲੜੀਏ।

ਉੱਜਲ ਦੁਸਾਂਝ ਦੇ ਵਿਚਾਰ



ਤਕਰੀਬਨ ਪਿਛਲੇ ਦੋ ਢਾਈ ਸਾਲ ਤੋਂ ਅੰਮ੍ਰਿਤਸਰ ਅਤੇ ਪੰਜਾਬ 'ਚ ਵਾਪਰ ਰਹੀਆਂ ਘਟਨਾਵਾਂ ਬਹੁਤ ਦੁੱਖਦਾਈ ਸਨ। ਸਾਰੇ ਅਮਨ ਅਤੇ ਇਨਸਾਫ-ਪਸੰਦ, ਜਨੂੰਨ-ਰਹਿਤ ਮਨੁੱਖ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਤੇ ਵੱਜਦੀ ਸੱਟ ਦੇਖ ਕੇ ਦੁੱਖੀ ਹੋਏ। ਸ੍ਰੀ ਦਰਬਾਰ ਸਾਹਿਬ ਅਤੇ ਪੰਜਾਬ ਵਿੱਚ ਹੋਈ ਫੌਜੀ ਕਾਰਵਾਈ ਸਾਡੀ ਉਦਾਸੀ ਦਾ ਕਾਰਨ ਬਣੀ। ਉਸ ਤੋਂ ਪਹਿਲਾਂ ਸਾਰੇ ਅਮਨ-ਪਸੰਦ ਅਤੇ ਸੂਝਵਾਨ ਮਨੁੱਖਾਂ ਦੇ ਹਿਰਦੇ ਨਾਨਕ ਨਿਵਾਸ ਦੇ ਨਾਲੇ 'ਚੋਂ ਨਿੱਤ ਲੱਭਦੀਆਂ ਲਾਸ਼ਾਂ ਨਾਲ ਭੀ ਟੁੰਬੇ ਗਏ।

ਸਾਡੇ ਵਿੱਚੋਂ ਕੋਈ ਭੀ ਬਿਨਾਂ ਉਦਾਸੀ ਅਤੇ ਦੁੱਖ ਦੇ ਨਹੀਂ। ਸਾਡੇ ਉਪਰ ਬੀ. ਸੀ. ਵਿੱਚ ਸਾਡੇ ਮਨੁੱਖੀ ਹੱਕ ਖੋਹ ਕੇ, ਬਹੁਤ ਸਾਰੀਆਂ ਸੇਵਾਵਾਂ ਦੀ ਕਟੌਤੀ ਕਾਰਨ ਅਤੇ ਬੇਰੁਜ਼ਗਾਰੀ ਕਾਰਨ ਕਾਫੀ ਭੈੜਾ ਅਸਰ ਪਿਆ ਹੈ। ਸਾਡੀ ਇਕ ਵਿਜੀਬਲ ਘੱਟ-ਗਿਣਤੀ ਹੁੰਦੇ ਹੋਏ ਸਮੁੱਚੀ ਹੋਂਦ ਨੂੰ ਸੱਟ ਵੱਜੀ ਹੈ। ਭਾਰਤ ਵਿੱਚ ਸਾਡੇ ਪੰਜਾਬੀ, ਅਸਾਮੀ, ਆਂਧਰਾਈ ਅਤੇ ਹੋਰ ਲੋਕਾਂ ਵਿੱਚ ਹੱਲਚੱਲ ਮੱਚੀ ਹੋਈ ਹੈ ਧਾਰਮਿਕ ਕਾਨੂੰਨ, ਸਿਆਸੀ ਗੱਦੀਆਂ ਲਈ ਭੱਜ-ਦੌੜ ਅਤੇ ਵੱਡੇ ਢਿੱਡਾਂ ਵਾਲਿਆਂ ਵੱਲੋਂ ਭੁੱਖਿਆਂ ਅਤੇ ਮਜ਼ਦੂਰਾਂ, ਕਿਸਾਨਾਂ ਪੁਰ ਲੁੱਟ ਖਸੁੱਟ, ਵੱਢੀ ਖੋਰੀ ਵਰਗੀਆਂ ਹੋਰ ਕਈ ਬੀਮਾਰੀਆਂ ਭਾਰਤ ਦੀ ਦੁਰਦਸ਼ਾ ਕਰੀ ਜਾ ਰਹੀਆਂ ਨੇ।

ਬੀ. ਸੀ. ਜਾਂ ਕੈਨੇਡਾ ਵਿੱਚ ਸਾਡੇ ਮਸਲੇ ਇਹ ਮੰਗ ਕਰਦੇ ਹਨ ਕਿ ਅਸੀਂ ਸ਼ਾਂਤਮਈ ਢੰਗ ਨਾਲ, ਸਿਆਸੀ ਸੂਝ ਨਾਲ ਇਕ ਮੁੱਠ ਹੋ ਕੇ ਜੂਝੀਏ। ਸਾਡੀਆਂ ਆਉਣ ਵਾਲੀਆਂ ਨਸਲਾਂ ਦੀ ਭਲਾਈ ਇਸ ਵਿੱਚ ਹੀ ਹੈ। ਪਿਛਲੇ ਦੋ ਤਿੰਨ ਸਾਲ ਤੋਂ ਅਸੀਂ ਇੰਨੇ ਧਾਰਮਿਕ ਜਨੂੰਨੀਆਂ ਦੀ ਲਪੇਟ ਵਿੱਚ ਆ ਗਏ ਹਾਂ ਕਿ ਅੱਤਵਾਦ ਅਤੇ ਵੱਖਵਾਦ ਦੇ ਨਾਹਰਿਆਂ ਨਾਲ ਸਾਡਾ ਬਹੁਤ ਨੁਕਸਾਨ ਹੋਇਆ ਹੈ। ਇਸ ਸਮੇਂ ਦੌਰਾਨ ਸਾਡੇ ਬੱਚਿਆਂ ਦੀ ਵਿੱਦਿਆ, ਡਾਕਟਰੀ ਸੇਵਾਵਾਂ, ਰੁਜ਼ਗਾਰ ਦੀਆਂ ਹਾਲਤਾਂ ਵਿੱਚ ਕਾਫੀ ਗਿਰਾਵਟ ਹੋਈ ਹੈ ਅਤੇ ਸਾਡੇ ਵਿੱਚੋਂ ਇਕ ਅੱਧ ਆਵਾਜ਼ ਹੀ ਇਹਨਾਂ ਮਸਲਿਆਂ ਤੇ ਉੱਠੀ ਹੈ।

ਇਤਿਹਾਸ ਇਕ ਨਿਰਾਲੀ ਚੀਜ਼ ਹੈ। ਇਸ ਵਿੱਚੋਂ ਸ਼ਾਤੀ ਪੂਰਬਕ ਜੱਦੋ ਜਹਿਦਾਂ ਦੀ ਮਿਸਾਲ ਲੈ ਲਓ - ਮਿਲ ਜਾਵੇਗੀ; ਜੰਗ-ਭੇੜ੍ਹ ਦੀ ਲੈ ਲਓ - ਮਿਲ ਜਾਵੇਗੀ। ਇਤਿਹਾਸ ਤੋਂ ਅਗਵਾਈ ਤਾਂ ਤਦ ਹੀ ਮਿਲ ਸਕਦੀ ਹੈ ਜੇ ਹੁਣ ਦੇ ਸਮੇਂ ਨੂੰ ਠੀਕ ਤਰ੍ਹਾਂ ਸਮਝਿਆ ਜਾਵੇ।

ਭਾਰਤ ਦੇ ਕਈ ਹਿੱਸਿਆਂ ਵਿੱਚ ਫਿਰਕੂ ਤਨਾਅ ਹੈ ਜਿਸ ਦਾ ਅਸਰ ਸਿੱਧਾ ਜਾਂ ਅਸਿੱਧਾ ਇੱਥੇ ਸਾਡੀ ਜ਼ਿੰਦਗੀ ਤੇ ਜ਼ਰੂਰ ਪੈਂਦਾ ਹੈ ਤੇ ਅਸੀਂ ਭੀ ਆਪਣੀ ਹੋਸ਼ ਗੁਆ ਬੈਠਦੇ ਹਾਂ। ਸਰਕਾਰਾਂ ਜਾਂ ਨਜ਼ਾਮ ਬਦਲਣ ਦੀ ਗੱਲ ਕਰਨ ਦੀ ਬਜਾਇ ਅਸੀਂ 1947 ਦੇ ਕਿੱਸੇ ਦੁਹਰਾਉਣ ਦੀਆਂ ਗੱਲਾਂ ਕਰ ਰਹੇ ਹਾਂ ਜਿਵੇਂ ਕਿ ਸਾਨੂੰ ਉਹ ਜ਼ਖਮ ਭੁੱਲ ਗਏ ਹੋਣ। ਅਸੀਂ ਇੱਥੇ ਬਦਲਿਆਂ ਅਤੇ ਮਰਨ-ਮਾਰਨ ਦੀਆਂ ਗੱਲਾਂ ਕਰ ਰਹੇ ਹਾਂ। 'ਬਦਲਾ' ਕਦੇ ਭੀ ਸਿੱਖ ਧਰਮ ਵਰਗੇ ਇਨਕਲਾਬੀ ਰਵਾਇਤਾਂ ਵਾਲੇ ਦੀਨ ਦਾ ਹਿੱਸਾ ਨਹੀਂ ਹੋ ਸਕਦਾ।

ਅੱਜ ਦਾ ਬਲ ਲੋਕ-ਰਾਇ ਵਿੱਚ ਹੈ, ਕਲਮ ਵਿੱਚ ਹੈ, ਜ਼ਬਾਨ ਵਿੱਚ ਹੈ, ਜੱਥੇਬੰਦਕ ਤਕਨੀਕਾਂ ਅਤੇ ਲੋਕਾਂ ਨੂੰ ਪਿਆਰ ਅਤੇ ਦਲੀਲਾਂ ਨਾਲ ਆਪਣੇ ਵੱਲ ਖਿੱਚਣ ਵਿੱਚ ਹੈ। ਜੁੱਟ ਜਾਓ ਕੰਮ ਵਿੱਚ - ਐਵੇਂ ਭੜਕਾਊ ਨਾਹਰਿਆਂ ਦੇ ਓਹਲੇ ਸਹਾਰਾ ਨਾ ਲਓ। ਮਰਨਾ ਮਾਰਨਾ ਤਾਂ ਜਿਵੇਂ ਆਪਾਂ ਦੇਖ ਹੀ ਲਿਆ ਹੈ - ਬਹੁਤ ਅਸਾਨ ਹੈ। ਪਰ ਲੋਕ ਰਾਇ ਬਦਲਣੀ, ਵਤਨਾਂ ਅਤੇ ਸਰਕਾਰ ਦੇ ਰੁੱਖ ਬਦਲਣੇ ਇਤਨੇ ਅਸਾਨ ਨਹੀਂ ਹਨ। ਵੀਹਵੀਂ ਸਦੀ ਦੇ ਅੰਤਲੇ ਦਹਾਕਿਆਂ 'ਚ ਇਹ ਗੱਲਾਂ ਮਾਰਨ ਉਪਰੰਤ ਮਰਨ ਨਾਲ ਨਹੀਂ ਹੋਣੀਆਂ - ਜੀਊਂਦੇ ਰਹਿ ਕੇ ਮਰਨ ਲਈ ਤਿਆਰ ਰਹਿਣ ਨਾਲ ਹੋਣੀਆਂ ਹਨ।

ਇਹ ਗੱਲ ਸੱਚ ਹੈ ਕਿ ਭਾਰਤ ਦੀ ਜਮਹੂਰੀਅਤ ਅਸਲੀ ਤੌਰ ਤੇ ਲੋਕਾਂ ਦੇ ਮਸਲੇ - ਕੁੱਲੀ, ਗੁੱਲੀ ਅਤੇ ਜੁੱਲੀ ਹੱਲ ਕਰਨ ਵਿੱਚ ਅਸਲ ਤੌਰ ਪੁਰ ਅਸਫਲ ਰਹੀ ਹੈ। ਇਹ ਭੁਲੇਖਾ ਮੇਰੇ ਦਿਮਾਗ 'ਚ, ਜੂਨ 3, 1984 ਤੋਂ ਪਹਿਲਾਂ ਭੀ ਨਹੀਂ ਸੀ ਅਤੇ ਹੁਣ ਭੀ ਨਹੀਂ। ਮੈਂ ਪਹਿਲਾਂ ਭੀ ਕਈ ਸਾਲਾਂ ਤੋਂ ਕਹਿੰਦਾ ਆਇਆ ਹਾਂ - ਹੁਣ ਦੁਹਰਾ ਦਿੰਦਾ ਹਾਂ ਕਿ ਅਸਲੀ ਜਮਹੂਰੀਅਤ ਦੇ ਰਾਹ 'ਚੋਂ ਰੋੜੇ - ਲੁੱਟ ਖਸੁੱਟ' ਵੱਢੀ ਖੋਰੀ ਸਿਆਸੀ ਮੌਕਾ-ਪ੍ਰਸਤੀ ਅਤੇ ਧਾਰਮਿਕ ਜਨੂੰਨ ਆਦਿ ਸਭ ਦੂਰ ਹੋਣੇ ਚਾਹੀਦੇ ਹਨ।

ਜਮਹੂਰੀ ਸਰਕਾਰਾਂ ਅਤੇ ਤਾਕਤਾਂ ਕਦੇ ਭੀ ਧਾਰਮਿਕ ਲੀਡਰਾਂ ਨੂੰ ਆਪਣੇ ਹੱਥਾਂ ਵਿੱਚ ਨਹੀਂ ਖਿਡਾਉਂਦੀਆਂ ਅਤੇ ਨਾ ਹੀ ਧਾਰਮਿਕ ਜਮਹੂਰੀ ਲੀਡਰ ਇੰਝ ਪੁਤਲੇ ਬਣਦੇਹਨ ਕਦੇ। ਨਾ ਕੋਈ ਧਾਰਮਿਕ ਜਮਹੂਰੀ ਲੀਡਰ ਨਾਨਕ ਨਿਵਾਸ ਦੇ ਨਾਲੇ 'ਚੋਂ ਨਿਕਲਦੀਆਂ ਲਾਸ਼ਾਂ ਦੇਖ - ਇਹਨਾਂ ਕੋਝੀਆਂ ਅਣਮਨੁੱਖੀ ਹਰਕਤਾਂ ਦਾ ਖੰਡਨ ਕਰਨੋਂ ਰਹਿ ਸਕਦਾ ਹੈ। ਜਿਹਨਾਂ ਲੀਡਰਾਂ ਦਾ ਨਾਮ ਲੈ ਕੇ ਅੱਜ ਅਸੀਂ ਵਤਨ ਦੇ ਟੋਟੇ ਕਰਨ ਦੀਆਂ ਮੁਹਿੰਮਾਂ ਚਲਾ ਰਹੇ ਹਾਂ - ਉਹਨਾਂ ਨੂੰ ਇਨਸਾਨੀਅਤ ਦੇ ਕੰਡੇ ਤੇ ਤੋਲੋ। ਸੱਚ ਦੇ ਆਸ਼ਕ ਪਾਠਕਾਂ ਨੂੰ ਚਾਹੀਦਾ ਹੈ ਕਿ ਅੱਖਾਂ ਖੋਲ੍ਹ ਕੇ ਕੰਨਾਂ ਦੀ ਵਰਤੋਂ ਕਰਕੇ ਸੱਚ ਨੂੰ ਘੋਖਣ, ਤੋਲਣ ਅਤੇ ਕਹਿਣ ਦੀ ਤਾਕਤ ਹਾਸਲ ਕਰਨ ਅਤੇ ਨਾਲ ਹੀ ਸੱਚ ਸੁਣਨ ਦਾ ਹੌਸਲਾ ਭੀ।

ਸਰਕਾਰ ਦੀਆਂ ਗਲਤੀਆਂ ਦੇ ਸਾਡੇ ਪਾਸ ਬਹੁਤ ਸਬੂਤ ਹਨ। ਸਰਕਾਰ ਸਾਰਿਆਂ ਨਾਲੋਂ ਵੱਧ ਤਾਕਤਵਰ ਹੋਣ ਕਾਰਨ ਮੈਂ ਉਸ ਨੂੰ ਸਾਰਿਆਂ ਨਾਲੋਂ ਜ਼ਿਆਦਾ ਕਸੂਰਵਾਰ ਠਹਿਰਾਉਂਦਾ ਹਾਂ - ਅੱਜ ਦੇ ਪੰਜਾਬ ਦੀ ਦਰਦਨਾਕ ਹਾਲਤ ਲਈ। ਪਰ ਨਾਲ ਹੀ ਦੂਸਰੇ ਕਸੂਰਵਾਰਾਂ ਦੇ ਕਸੂਰ ਅੰਨ੍ਹਿਆਂ, ਬੋਲਿਆਂ ਅਤੇ ਗੂੰਗਿਆਂ ਵਾਂਗ ਦੇਖਣੋਂ, ਕਹਿਣੋਂ ਅਤੇ ਸੁਣਨੋਂ ਨਾਂਹ ਨਹੀਂ ਕਰ ਸਕਦਾ। ਮੈਂ ਅੱਗੇ ਭੀ ਕਿਹਾ ਹੈ ਕਿ ਜਿਹੜੇ ਲੋਕ ਸੰਤੁਲਤ ਤੌਰ ਤੇ ਖੁਦ ਆਪਣੀ ਟਿਪਣੀ ਆਪ ਨਹੀਂ ਕਰ ਸਕਦੇ - ਉਹ ਵੀਹਵੀਂ ਸਦੀ ਦੇ ਅੰਤਲੇ ਦਹਾਕਿਆਂ ਵਿੱਚ, ਅੱਗੇ ਨਹੀਂ ਵਧ ਸਕਣਗੇ।

ਜੂਨ 3, 1984 ਤੋਂ ਪਹਿਲਾਂ ਜਾਂ ਬਾਅਦ ਜਿਹਨਾਂ ਮੇਰੇ ਹਮਵਤਨੀਆਂ ਨੂੰ ਸਦਮੇਂ - ਤਸ਼ੱਦਦ ਕਾਰਨ ਪੁੱਜੇ ਹਨ, ਉਹ ਮੇਰੇ ਹਨ - ਮੈਂ ਉਹਨਾਂ ਨੂੰ ਮਹਿਸੂਸਦਾ ਹਾਂ। ਜੂਨ 3, 1984 ਤੋਂ ਪਹਿਲਾਂ ਸਰਕਾਰ ਗੈਰ ਸਰਕਾਰੀ ਤਸ਼ੱਦਦ ਨੂੰ ਠੱਲ੍ਹ ਨਹੀਂ ਪਾ ਸਕੀ ਅਤੇ ਜੂਨ ਤਿੰਨ ਤੋਂ ਬਾਅਦ ਦੀਆਂ ਫੌਜ ਅਤੇ ਪੁਲਿਸ ਦੀਆਂ ਵਧੀਕੀਆਂ ਦਾ ਦਾਗ ਭੀ ਸਰਕਾਰ ਦੇ ਮੱਥੇ ਹੈ। ਸਰਕਾਰਾਂ ਬਦਲੀਆਂ ਜਾ ਸਕਦੀਆਂ ਨੇ। ਹਮ-ਵਤਨ ਹਮ-ਖੂਨ ਭੈਣ ਭਰਾ ਹੁੰਦੇ ਹਨ। ਇਹ ਸਾਂਝਾਂ ਕਦੇ ਖਤਮ ਨਹੀਂ ਹੁੰਦੀਆਂ। ਜਿਵੇਂ ਸਤੰਬਰ 1984 ਦੀ ਪ੍ਰੀਤਲੜੀ ਵਿੱਚ ਧਰਮ ਪਾਲ ਉਪਾਸ਼ਕ ਲਿਖਦੇ ਨੇ:

ਇੱਕੋ ਰੰਗ ਹੈ ਖੂਨ ਦਾ।
ਨਾ ਪੱਲਾ ਫੜੋ ਜਨੂੰਨ ਦਾ।
ਰਲ ਦਿੱਲੀ ਨਾਲ ਜੂਝੀਏ।
ਜੇ ਗਲਤ ਰੁਝਾਨ ਕਾਨੂੰਨ ਦਾ।

ਕਈ ਦੋਸਤ ਇਤਰਾਜ਼ ਕਰਦੇ ਹਨ ਕਿ ਝੰਡੇ ਅਤੇ ਅਕਾਲ ਤਖਤ ਨੂੰ ਬਰਾਬਰਤਾ ਦੇਣੀ ਗਲਤ ਸੀ। ਮੈਂ ਕਿਹਾ ਸੀ ਅਤੇ ਦੁਹਰਾਉਂਦਾ ਹਾਂ ਕਿ ਸਾਡੇ ਵਿੱਚੋਂ "ਬਹੁਤ ਸਾਰਿਆਂ ਲਈ ਤਿਰੰਗੇ ਝੰਡੇ ਨੂੰ ਜਲਦਾ ਸਹਿਣ ਕਰਨਾ ਉਸ ਤਰ੍ਹਾਂ ਹੀ ਦੁੱਖਦਾਈ ਹੈ ਜਿਸ ਤਰ੍ਹਾਂ ਅਕਾਲ ਤਖਤ ਦਾ ਢਾਹਿਆ ਜਾਣਾ।" ਦੋਨਾਂ ਵਜੋਂ ਸਾਡੇ ਹਿਰਦਿਆਂ ਪੁਰ ਸੱਟ ਵੱਜਦੀ ਹੈ। ਸੱਟ ਵੱਖਰੀ ਵੱਖਰੀ ਕਿਸਮ ਦੀ ਹੁੰਦੀ ਹੋਈ ਭੀ - ਉਸ ਦਾ ਦੁੱਖ ਬਰਾਬਰ ਹੋ ਸਕਦਾ ਹੈ। ਝੰਡਾ ਸਰਕਾਰਾਂ ਦਾ ਨਹੀਂ - ਲੋਕਾਂ ਦਾ ਹੈ। ਅਕਾਲ ਤਖਤ ਭੀ ਸਾਡਾ - ਲੋਕਾਂ ਦਾ ਹੈ।

ਕਈ ਮਿੱਤਰ ਕਹਿੰਦੇ ਹਨ ਕਿ ਤਿਰੰਗੇ ਲਈ ਕੁਰਬਾਨੀਆਂ ਤਾਂ ਮੁਸਲਮਾਨਾਂ ਨੇ ਭੀ ਕੀਤੀਆਂ। ਫਿਰ ਉਹਨਾਂ ਦੀ ਇਸ ਛਾਇਆ ਨੂੰ ਮਨਜ਼ੂਰ ਕਿਉਂ ਨਹੀਂ ਕੀਤਾ? ਇਹ ਦਲੀਲ ਗਲਤ ਹੈ - ਭਾਰਤ 'ਚ ਅੱਜ ਭੀ ਕਰੋੜਾਂ ਮੁਸਲਮਾਨ - ਸਾਡੇ ਭੈਣ ਭਰਾ ਵੱਸਦੇ ਹਨ - ਇਹ ਤਿਰੰਗਾ ਉਹਨਾਂ ਨੇ ਅਪਣਾਇਆ ਅਤੇ ਅਸੀਂ ਭੀ ਅਪਣਾਇਆ।

ਇਹੋ ਜਿਹੇ ਸਮੇਂ ਲੋਕਾਂ ਦੀ ਅਗਵਾਈ ਸਿਆਣਪ ਅਤੇ ਸੂਝ ਭਰੇ ਨੇਤਾਵਾਂ ਵੱਲੋਂ ਹੋਣੀ ਚਾਹੀਦੀ ਹੈ। ਜਿਹੜੇ "ਆਗੂ" ਜਾਤੀ ਚਿੱਕੜ ਸੁੱਟਣ ਤੋਂ ਉਪਰ ਉਠ ਕੇ ਕੋਈ ਕੰਮ ਨਹੀਂ ਕਰ ਸਕਦੇ ਉਹਨਾਂ ਦੇ ਅਸੂਲ ਸਾਡੀ ਅਗਵਾਈ ਨਹੀਂ ਕਰ ਸਕਦੇ। ਕਈ ਅਗਾਂਹਾਂ ਵਧੂ ਵੀਰ - ਆਪ ਤਾਂ ਧਰਮ ਦੇ ਨਾਂ ਤੇ ਵਤਨ ਦੀ ਵੰਡ ਦੇ ਖਿਲਾਫ ਆਵਾਜ਼ ਉਠਾ ਨਹੀਂ ਸਕੇ - ਲੇਕਿਨ ਉਠਾਉਣ ਵਾਲਿਆਂ ਤੋਂ ਪਿਤਾ ਪਿਤਾਮਾਂ ਦਾ ਹਿਸਾਬ ਮੰਗਦੇ ਹਨ। ਪਹਿਲਾਂ ਲੋਕਾਂ ਨੂੰ ਆਪਣਾ ਹਿਸਾਬ ਦੇ ਲੈਣ। ਮੇਰੀ ਅਤੇ ਮੇਰੇ ਬਜ਼ੁਰਗਾਂ ਦੀ ਜ਼ਿੰਦਗੀ ਤਾਂ ਖੁੱਲ੍ਹੀ ਕਿਤਾਬ ਵਾਂਗ ਹੈ - ਮਾਣ ਹੈ ਮੈਨੂੰ ਆਪਣੇ ਭਾਰਤੀ ਵਿਰਸੇ ਤੇ। ਇਸ ਸਮੇਂ ਭਾਵੁਕਤਾ ਅਤੇ ਜਲਦਬਾਜ਼ੀ ਜਾਂ ਬੁਰਛਾਗਰਦੀ ਨਾਲ ਲੋਕਾਂ ਦੀ ਅਗਵਾਈ ਨਹੀਂ ਕੀਤੀ ਜਾ ਸਕਦੀ ਸੱਚ ਬੋਲਣ ਤੇ ਸੁਣਨ ਦਾ ਹੌਸਲਾ ਰੱਖਣ ਵਾਲੇ ਮਨੁੱਖ ਹੀ ਸਾਡੀ ਅਗਵਾਈ ਕਰ ਸਕਦੇ ਹਨ।

ਅਮਰੀਕਾ ਦੀ ਯੂ. ਐਨ. ਓ. ਵਿੱਚ ਪ੍ਰਤੀਨਿਧ ਜੀਨ ਕਿਰਪੈਟਰਿਕ ਤੋਂ ਅਸੀਂ ਅਗਵਾਈ ਨਹੀਂ ਲਵਾਂਗੇ। ਇਹ ਉਸ ਮੁਲਕ ਦੀ ਪ੍ਰਤੀਨਿਧ ਹੈ ਜਿਸ ਦੀਆਂ ਫੌਜਾਂ ਗਰਨੇਡਾ ਵਰਗੇ ਅਤੇ ਨਿਕਾਰਗੂਆ ਵਰਗੇ ਅਗਾਹਾਂ ਵਧੂ ਮੁਲਕਾਂ ਪੁਰ ਨੰਗਾ ਹਮਲਾ ਕਰਦੀਆਂ ਨੇ - ਮਨੁੱਖੀ ਹੱਕਾਂ ਦਾ ਨਾਮ ਵਰਤ ਕੇ। ਜਿਹੜੇ ਆਗੂ ਸੀ. ਆਈ. ਏ. ਜਾਂ ਜੀਨ ਕਿਰਪੈਟਰਿਕ ਦੇ ਇਸ਼ਾਰਿਆਂ ਪੁਰ ਚੱਲ ਕੇ ਮੁਲਕਾਂ ਅਤੇ ਕਮਿਊਨਿਟੀਆਂ ਦੀਆਂ ਵੰਡਾਂ ਕਰਾਉਣ ਵਿੱਚ ਜੁੱਟੇ ਪਏ ਹੋਣ ਉਹ ਸਾਨੂੰ ਸੇਧ ਨਹੀਂ ਦੇ ਸਕਦੇ। ਉਹਨਾਂ ਨੂੰ ਅਸੀਂ ਭਾਂਜ ਦੇਵਾਂਗੇ।

"ਗੱਦਾਰ," "ਚਮਚੇ" ਅਤੇ ਹੋਰ ਕਈ ਵਿਸ਼ੇਸ਼ਣ ਅਸੀਂ ਅੱਜ ਕੱਲ ਬਹੁਤ ਵਰਤ ਰਹੇ ਹਾਂ। ਆਉਣ ਵਾਲਾ ਸਮਾਂ ਦੱਸੇਗਾ ਕਿ ਅਸੀਂ ਸਿਆਣਪ ਜਾਂ ਬੇਅਕਲੀ ਤੋਂ ਕੰਮ ਲਿਆ? ਕਿਸੇ ਟੀਚੇ ਦੇ ਉਲਟ ਚੱਲਣ ਵਾਲਾ ਉਸ ਟੀਚੇ ਦਾ "ਗੱਦਾਰ" ਹੋ ਸਕਦਾ ਹੈ - ਪਰ ਜੇ ਟੀਚਾ ਦੇਸ਼ ਭਗਤੀ ਦਾ ਹੋਵੇ - ਤਦ। ਕਿਸੇ ਨੂੰ ਬਿਨਾਂ ਟਿੱਪਣੀ ਜਾਂ ਸਵਾਲ ਦੇ ਸਲਾਮ ਕਰਨੀ "ਚਮਚਾਗਿਰੀ" ਹੁੰਦੀ ਹੈ।

ਇਹ ਤਾਂ ਇਤਿਹਾਸ ਹੀ ਦੱਸੇਗਾ ਕਿ "ਚਮਚੇ" ਅਤੇ "ਗੱਦਾਰ" ਕੌਣ ਸਨ ਅਤੇ ਦੇਸ਼ ਭਗਤ ਕੌਣ? ਦੇਸ਼ ਭਗਤਾਂ ਦੀ ਅਤੇ ਫਿਰਕੂ-ਜਨੂੰਨੀਆਂ ਦੀ ਕਦੇ ਭੀ ਆਪਸੀ ਸਿਆਸੀ ਸਾਂਝ ਹੋ ਹੀ ਨਹੀਂ ਸਕਦੀ - ਜੇ ਹੋਵੇ ਤਾਂ ਉਹ ਸੱਚੀ ਦੇਸ਼ ਭਗਤੀ ਨਹੀਂ।

Matrimonial

A beautiful bride for a graduate Jat Sikh tall boy, Canadian citizen, belonging to a very respectable family. Correspond at the following address :

G.S.S. (1051)
C/o The Canada Darpan
P.O.BOX 67344 STN. O
Vancouver, B.C.

ਕੰਨਿਆਂ ਦੀ ਲੋੜ

6 ਫੁੱਟ ਲੰਮੇ ਜੱਟ ਸਿੱਖ ਲੜਕੇ ਲਈ ਕੈਨੇਡਾ ਵਿਚ ਰਹਿੰਦੇ ਪ੍ਰਵਾਰ ਦੀ ਲੜਕੀ ਦੀ ਜ਼ਰੂਰਤ ਹੈ। ਲੜਕਾ ਇੰਮੀਗਰੈਂਟ ਹੈ ਅਤੇ ਕੰਮ ਤੇ ਲੱਗਿਆ ਹੋਇਆ ਹੈ। ਹੋਰ ਜਾਣਕਾਰੀ ਹੇਠ ਲਿਖੇ ਪਤੇ ਤੇ ਖਤ ਰਾਹੀਂ ਕਰ ਸਕਦੇ ਹੋ :

C.I.S. (1052)
C/o The Canada Darpan
P.O.BOX 67344 STN. O
Vancouver, B.C. V5W 3T1

ਕੰਨਿਆਂ ਦੀ ਲੋੜ

ਵੈਨਕੂਵਰ ਵਿਚ ਰਹਿੰਦੇ ਪ੍ਰਵਾਰ ਦੇ ਤਲਾਕਸ਼ੁਦਾ ਲੜਕੇ ਲਈ ਇਕ ਲੜਕੀ ਦੀ ਜ਼ਰੂਰਤ ਹੈ। ਲੜਕਾ ਕੈਨੇਡੀਅਨ ਸਿਟੀਜ਼ਨ ਹੈ। ਲੜਕੇ ਦਾ ਕੱਦ 5 ਫੁੱਟ 10 ਇੰਚ ਹੈ। ਕੈਨੇਡਾ ਵਿਚ ਰਹਿੰਦੀ ਲੜਕੀ ਲਈ ਤਰਜੀਹ ਦਿਤੀ ਜਾਵੇਗੀ। ਖਤ ਇਸ ਪਤੇ ਤੇ ਲਿਖੋ :

P.S.G. (1053)
C/o The Canada Darpan
P.O.BOX 67344 STN O
Vancouver, B.C.

• ਨਲਕਾ

ਇਕ ਪੁਰਾਣੀ ਬੱਸ ਸੁਸਤ ਰਫਤਾਰ ਨਾਲ ਜਾ ਰਹੀ ਸੀ ਤੇ ਪੰਜ ਛੇ ਕਿਲੋਮੀਟਰ ਚਲ ਕੇ ਖਲੋ ਜਾਂਦੀ ਸੀ ਤੇ ਕੰਡਕਟਰ ਉਸ 'ਚ ਪਾਣੀ ਪਾਉਂਦਾ, ਤਾਂ ਉਹ ਫਿਰ ਚੱਲ ਪੈਂਦੀ। ਸੁਆਰੀਆਂ ਪਰੇਸ਼ਾਨ ਸਨ। ਉਨ੍ਹਾਂ 'ਚੋਂ ਕਿਸੇ ਨੇ ਪੁੱਛਿਆ, "ਉਏ ਡਰਾਇਵਰ ਭਰਾਵਾ! ਇਹ ਬੱਸ ਕਿੰਨੇ ਦੀ ਲਈ ਏ!"

"ਪੂਰੇ ਇਕ ਲੱਖ ਦੀ।" ਡਰਾਇਵਰ ਨੇ ਜਵਾਬ ਦਿੱਤਾ। ਉਹ ਸਾਹਿਬ ਸੜ ਕੇ ਬੋਲੇ, "ਜੇਕਰ ਇਕ ਲੱਖ ਦੀ ਇਹੀ ਬੱਸ ਖਰੀਦਣੀ ਸੀ ਤਾਂ ਦੋ ਸੌ ਦਾ ਨਲਕਾ ਵੀ ਲੁਆ ਲੈਂਦੋਂ।"

ਸਿੱਖ ਧਰਮ ਤੇ ਸਿਆਸਤ

■ ਪ੍ਰੀਤਮ ਸਿੰਘ

(ਲੜੀ ਜੋੜਨ ਲਈ ਵੇਖੋ ਪਿਛਲਾ ਅੰਕ)

ਉਪਰੋਕਤ ਸਰਵੇਖਣ ਅਨੁਸਾਰ ਤਾਂ ਲੱਗਦਾ ਹੈ, ਸਿੱਖਾਂ ਦੀ ਹਾਲਤ ਝਾੜੀ ਵਿੱਚ ਫਸੇ ਉਸ ਸਹੇ ਵਰਗੀ ਹੈ, ਜਿਸ ਨੂੰ ਸ਼ਿਕਾਰੀ ਕੁੱਤਿਆਂ ਨੇ ਚਾਰੇ ਪਾਸਿਓਂ ਘੇਰਿਆ ਹੁੰਦਾ ਹੈ। ਹੁਣ ਅਸੀਂ ਸੋਚਣਾ ਇਹ ਹੈ ਕਿ ਜੇ ਹਾਲਾਤ ਇਹੋ ਜਿਹੇ ਹੀ ਹੋਣ, ਜਿਹੋ ਜਿਹੇ ਅਸੀਂ ਪਿਛੇ ਦੱਸ ਆਏ ਹਾਂ, ਤਾਂ ਸਿੱਖ ਕਿਹੜਾ ਰਾਹ ਅਪਨਾਉਣ? ਪੰਜਾਬ ਦੀ ਇਕ ਲੋਕ-ਕਹਾਣੀ, ਫਸੀ ਹੋਈ ਚਿੜੀ ਬਾਰੇ ਇਕ ਸਵਾਲ ਪੇਸ਼ ਕਰਦੀ ਹੈ, "ਚਿੜੀ ਵਿਚਾਰੀ ਕੀ ਕਰੇ?" ਤੇ ਫੇਰ ਆਪ ਹੀ ਜਵਾਬ ਸੁਝਾਉਂਦੀ ਹੈ: "ਠੰਢਾ ਪਾਣੀ ਪੀ ਮਰੇ!" ਲੋਕ-ਵਾਰਤਾ ਦੀ ਇਸ ਚਿੜੀ ਵਾਂਗ, ਸਿੱਖ ਵੀ ਠੰਢਾ ਪਾਣੀ ਪੀ ਕੇ ਸਦਾ ਲਈ ਲੰਮੀ ਤਾਣ ਲੈਣ ਜਾਂ ਕੋਈ ਹੋਰ ਰਾਹ ਚੁਣਨ? ਮੈਨੂੰ ਲੱਗਦਾ ਹੈ, ਸਿੱਖਾਂ ਨੇ ਆਤਮਘਾਤ ਦੀ ਕੋਈ ਸਲਾਹ ਨਹੀਂ ਬਣਾਈ ਹੋਈ, ਇਸ ਲਈ ਹੋਰ ਵੀ ਜ਼ਰੂਰੀ ਹੈ ਕਿ ਉਹ ਮਾਣ ਨਾਲ ਜੀਉਣ ਦਾ ਕੋਈ ਤਸੱਲੀ-ਬਖਸ਼ ਰਾਹ ਛੇਤੀ ਲੱਭਣ ਤਾਂ ਜੋ ਆਪਣੀ ਸ਼ਕਤੀ ਅਜਾਈਂ ਗਵਾਉਣ ਤੋਂ ਬਚ ਜਾਣ। ਇਸ ਬਾਰੇ ਨਿਰਣਾਇਕ (Decisive) ਗੱਲ ਤਾਂ ਪੇਪਰ ਦੇ ਅਗਲੇ ਭਾਗ ਵਿੱਚ ਹੀ ਕਰਾਂਗੇ, ਪਰ ਹਾਲ ਦੀ ਘੜੀ, ਪ੍ਰਤੀਤ ਹੁੰਦਾ ਹੈ, ਸਿੱਖਾਂ ਦੀ ਸਮੂਹਿਕ ਸੋਝੀ (corporate understanding) ਨੇ ਉਨ੍ਹਾਂ ਪਾਸੋਂ ਠੀਕ ਪਾਸੇ ਵੱਲ ਕਦਮ ਉਠਾ ਰਹੇ ਹਨ। ਜਿਸ ਸਿਆਸੀ ਅਖਾੜੇ ਵਿੱਚ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ 'ਧਰਮ ਯੁੱਧ' ਦਾ ਲੇਬਲ ਲਾ ਕੇ ਉਤਰਿਆ ਹੋਇਆ ਹੈ, ਉਸ ਨੂੰ ਘੋਖਿਆਂ ਇਹ ਗੱਲ ਆਪਣੇ ਆਪ ਉਘੜ ਆਉਂਦੀ ਹੈ। ਦਲ ਦੀਆਂ ਮੰਗਾਂ ਪਰ ਅਸਲ ਮੰਗਾਂ ਉਹ 12 ਹੀ ਹਨ ਜੋ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ 27 ਜੁਲਾਈ, 1983 ਨੂੰ ਭਾਰਤੀ ਲੋਕ ਸਭਾ ਦੇ ਮੈਂਬਰਾਂ ਨੂੰ ਭੇਜੀ ਇਕ ਖੁਲ੍ਹੀ ਚਿੱਠੀ ਵਿੱਚ ਗਿਣਾਈਆਂ ਹੋਈਆਂ ਹਨ। ਇਹ ਹਨ:

1. ਰਾਜਾਂ ਨੂੰ ਵੱਧ ਅਧਿਕਾਰ ਦਿੱਤੇ ਜਾਣ।
2. ਚੰਡੀਗੜ੍ਹ ਸਮੇਤ, ਪੰਜਾਬ ਤੋਂ ਬਾਹਰ ਰੱਖੇ ਗਏ ਸਾਰੇ ਪੰਜਾਬੀ-ਬੋਲਦੇ ਇਲਾਕੇ ਪੰਜਾਬ ਵਿੱਚ ਸ਼ਾਮਿਲ ਕੀਤੇ ਜਾਣ।
3. ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਦੀ ਵੰਡ ਅੰਤਰ-ਰਾਸ਼ਟਰੀ ਅਤੇ ਰਾਸ਼ਟਰੀ ਪੱਧਰ ਉਤੇ ਅਪਣਾਏ ਜਾ ਚੁੱਕੇ ਅਸੂਲਾਂ ਦੇ ਆਧਾਰ ਉਤੇ ਕੀਤੀ ਜਾਵੇ ਅਤੇ ਹੋਰਨਾਂ ਰਾਜਾਂ ਵਾਂਗ ਪੰਜਾਬ ਦੇ ਹੈਡ-ਵਰਕਸ ਦਾ ਕੰਟਰੋਲ ਪੰਜਾਬ ਨੂੰ ਦਿੱਤਾ ਜਾਵੇ। ਸ਼੍ਰੋਮਣੀ ਅਕਾਲੀ ਦਲ ਫੈਸਲੇ ਲਈ ਇਹ ਸਮੱਸਿਆ ਸੁਪਰੀਮ ਕੋਰਟ ਦੇ ਹਵਾਲੇ ਕਰਨ ਦਾ ਮੁਦਈ ਹੈ।
4. ਪੰਜਾਬ ਦੇ ਗਵਾਂਢੀ ਰਾਜਾਂ ਵਿੱਚ ਨਹਿਰੂ-ਫਾਰਮੂਲੇ ਅਨੁਸਾਰ ਪੰਜਾਬੀ ਜ਼ਬਾਨ ਨੂੰ ਦੂਜੀ ਭਾਸ਼ਾ ਦਾ ਦਰਜਾ ਦਿੱਤਾ ਜਾਵੇ।
5. ਉਤਰ ਪ੍ਰਦੇਸ਼, ਹਰਿਆਣਾ ਅਤੇ ਰਾਜਸਥਾਨ ਵਿੱਚ ਸਿੱਖ ਕਿਰਸਾਣਾਂ ਦਾ ਉਜਾੜਾ ਰੋਕਿਆ ਜਾਵੇ, ਕਿਉਂਕਿ ਇਨ੍ਹਾਂ ਰਾਜਾਂ ਦੀਆਂ ਅਜੇਹੀਆਂ ਕਾਰਵਾਈਆਂ ਸੰਵਿਧਾਨ ਦੀ ਧਾਰਾ 19 ਦੇ ਵਿਰੁੱਧ ਹਨ।
6. ਕੇਂਦਰੀ ਪੂਲ ਵਿੱਚੋਂ ਪੰਜਾਬ ਨੂੰ ਉਸ ਦਾ ਪੂਰਾ ਹੱਕੀ ਹਿੱਸਾ ਦਿੱਤਾ ਜਾਵੇਂ।
7. ਜਿਸ ਤਰ੍ਹਾਂ 1974 ਤੱਕ ਹੁੰਦਾ ਆਇਆ ਹੈ, ਫੌਜ ਦੀ ਭਰਤੀ ਯੋਗਤਾ ਦੇ ਆਧਾਰ ਉਤੇ ਹੋਣੀ ਚਾਹੀਦੀ ਹੈ ਨਾ ਕਿ ਕਿਸੇ ਕੌਮ ਦੀ ਆਬਾਦੀ ਦੇ ਆਧਾਰ ਉਤੇ। ਭਰਤੀ ਉੱਤੇ ਲੱਗੀ ਅਬਾਦੀ ਦੀ ਪਾਬੰਦੀ ਸੰਵਿਧਾਨ ਦੀ ਧਾਰਾ 16 ਦਾ ਖੁੱਲ੍ਹਮ ਖੁਲ੍ਹਾ ਉਲੰਘਣ ਹੈ।
8. ਸਿੱਖ ਗੁਰਦੁਆਰਾ ਐਕਟ, 1925 ਦੀਆਂ ਲੀਹਾਂ ਉੱਤੇ ਆਲ ਇੰਡੀਆ ਗੁਰਦੁਆਰਾ ਐਕਟ ਬਣਾਇਆ ਜਾਵੇ ਤਾਂ ਜੋ ਪ੍ਰਮੁੱਖ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਗੁਰਮਤਿ ਰਹਿਤ ਮਰਿਆਦਾ ਅਨੁਸਾਰ ਚਲਾਇਆ ਜਾ ਸਕੇ ਅਤੇ ਸਿੱਖ ਕੌਮ ਦੇ ਧਾਰਮਿਕ ਮਾਮਲਿਆਂ ਵਿੱਚ ਸਰਕਾਰੀ ਦਖਲ-ਅੰਦਾਜ਼ੀ ਰੋਕੀ ਜਾ ਸਕੇ।
9. ਕੁਰੂਕਸ਼ੇਤਰ, ਬਨਾਰਸ ਅਤੇ ਹਰਿਦੁਆਰ ਆਦਿ ਵਾਂਗ ਅੰਮ੍ਰਿਤਸਰ ਦੀ ਪਵਿੱਤਰ ਨਗਰੀ ਨੂੰ ਵੀ ਕਾਨੂੰਨੀ ਤੌਰ ਉਤੇ 'ਪਵਿੱਤਰ ਸ਼ਹਿਰ' ਕਰਾਰ ਦਿੱਤਾ ਜਾਵੇ ਅਤੇ ਇਸ ਦੀਆਂ ਹੱਦਾਂ ਵਿੱਚੋਂ ਤਮਾਕੂ ਆਦਿ ਦੀਆਂ ਦੁਕਾਨਾਂ ਚੁੱਕ ਦਿੱਤੀਆਂ ਜਾਣ।
10. ਹਰਿਮੰਦਰ ਸਾਹਿਬ ਦੇ ਅੰਦਰ ਇਕ ਸ਼ਕਤੀਸ਼ਾਲੀ ਟਰਾਂਸਮੀਟਰ ਲਾਇਆ ਜਾਵੇ, ਜਿਸ ਰਾਹੀਂ ਗੁਰਬਾਣੀ ਕੀਰਤਨ ਰੀਲੇਅ ਕਰ ਕੇ ਦੇਸ਼-ਬਦੇਸ਼ ਵਿੱਚ ਬੈਠੀਆਂ ਸੰਗਤਾਂ ਦੀ ਮੰਗ ਪੂਰੀ ਕੀਤੀ ਜਾਵੇ।
11. ਸਿੱਖ ਕੌਮ ਦੀ ਰਹਿਤ-ਮਰਿਆਦਾ ਦੇ ਅਨਿੱਖੜਵੇਂ ਅੰਗ 'ਕ੍ਰਿਪਾਨ' ਤੋਂ ਸਾਰੀਆਂ ਪਾਬੰਦੀਆਂ ਖਤਮ ਕੀਤੀਆਂ ਜਾਣ। ਸਰਕਾਰ ਵੱਲੋਂ ਲਾਈਆਂ ਗਈਆਂ ਇਹ ਪਾਬੰਦੀਆਂ ਭਾਰਤੀ ਸੰਵਿਧਾਨ ਦੀ ਧਾਰਾ 25 ਐਕਸਪਲੇਨੇਸ਼ਨ 1 ਦਾ ਖੁਲ੍ਹਮ ਖੁਲ੍ਹਾ ਉਲੰਘਣ ਹੈ।
12. ਸਿੱਖ ਨੌਜਵਾਨਾਂ ਵਿਰੁੱਧ ਚਲਾਇਆ ਜਾ ਰਿਹਾ ਦਮਨ-ਚੱਕਰ ਤੁਰੰਤ ਬੰਦ ਕੀਤਾ ਜਾਵੇ ਅਤੇ ਜੇਲ੍ਹਾਂ ਵਿੱਚ ਪੁਲਿਸ ਅਤਿਆਚਾਰਾਂ ਦਾ ਸ਼ਿਕਾਰ ਹੋ ਰਹੇ ਹਜ਼ਾਰਾਂ ਬੇਗੁਨਾਹ ਸਿੰਘਾਂ ਦੀ ਬੰਦ-ਖਲਾਸੀ ਕੀਤੀ ਜਾਵੇ।

(ਚਲਦਾ)

● ਚੁੱਪ ਦਾ ਭੇਤ

ਦੋ ਦੋਸਤ ਔਰਤਾਂ ਬਾਰੇ ਗੱਲਬਾਤ ਕਰ ਰਹੇ ਸਨ। ਇੱਕ ਨੇ ਦੂਜੇ ਨੂੰ ਪੁੱਛਿਆ "ਕੀ ਤੂੰ ਕਦੇ ਅਜਿਹੀ ਸਭਾ 'ਚ ਸ਼ਾਮਲ ਹੋਇਆਂ ਏਂ, ਜਿੱਥੇ ਕੇਵਲ ਔਰਤਾਂ ਹੀ ਔਰਤਾਂ ਰਹੀਆਂ ਹੋਣ।"

"ਹਾਂ ਕੇਵਲ ਇੱਕ ਵਾਰ।" "ਬਹੁਤ ਖੂਬ! ਕੀ ਤੂੰ ਕਿਸੇ ਔਰਤ ਨੂੰ ਇਕ ਪਲ ਲਈ ਚੁੱਪ ਹੁੰਦੇ ਵੇਖਿਆ?" "ਹਾਂ, ਵੇਖਿਆ ਏ, ਪਰ ਪਤਾ ਏ, ਕਿਹੜੇ ਵੇਲੇ। ਕੇਵਲ ਉਸ ਵੇਲੇ ਜਦੋਂ ਮੈਂ ਪੁੱਛਿਆ, ਕਿ ਤੁਹਾਡੇ 'ਚੋਂ ਵਡੇਰੀ ਉਮਰ ਕਿਹਦੀ ਏ?"

● ਸਵਰਗ 'ਚ

ਇੱਕ ਇਸਤਰੀ ਬੜਾ ਚੰਗਾ ਭਾਸ਼ਣ ਦਿੰਦੀ ਸੀ। ਇੱਕ ਸਭਾ 'ਚ ਉਹ ਭਾਸ਼ਨ ਦੇ ਰਹੀ ਸੀ। ਭਾਸ਼ਣ ਦਾ ਵਿਸ਼ਾ ਸੀ "ਨਾਰੀ ਦੀ ਸ਼੍ਰੇਸ਼ਠਤਾ" ਜੋਸ਼ 'ਚ ਆ ਕੇ ਕਹਿਣ ਲੱਗੀ - "ਮੈਂ ਪੁੱਛਦੀ ਹਾਂ, ਇੰਨ੍ਹਾਂ ਮਰਦਾਂ ਨੂੰ ਕਿ ਇਸਤਰੀ ਨਾ ਹੁੰਦੀ ਤਾਂ ਤੁਸੀਂ ਕਿੱਥੇ ਹੁੰਦੇ?" ਪਿਛੋਂ ਆਵਾਜ਼ ਆਈ - "ਸਵਰਗ 'ਚ"।

(ਪੰਨਾ 19 ਦੀ ਬਾਕੀ)

ਚੁੱਪ ਕਰਾਉਣ ਲਈ ਡਰਾਵੇ, ਧਮਕੀਆ ਅਤੇ ਹਿੰਸਾ ਦੀ ਵਰਤੋਂ ਕਰਦੇ ਹਨ।

ਇਹ ਮੁੱਠੀ ਭਰ ਲੋਕ ਸਿੱਖਾਂ ਦੇ ਹਿਤਾਂ ਦੀ ਰਾਖੀ ਕਰਨ ਦਾ ਦਾਅਵਾ ਕਰਦੇ ਹਨ ਪਰ ਸਾਡੇ ਮੁਤਾਬਿਕ ਸਚਾਈ ਇਸਦੇ ਉਲਟ ਹੈ। ਸਿਖ ਧਰਮ ਸਾਰਿਆਂ ਨੂੰ ਬਰਾਬਰਤਾ ਸਿਖਾਉਂਦਾ ਹੈ। ਇਸ ਦੇ ਬੁਨਿਆਦੀ ਅਸੂਲ ਹਨ ਕਿ ਅਨਿਆਂ ਅਤੇ ਜ਼ਬਰ ਦਾ ਮੁਕਾਬਲਾ ਕਰਨਾ। ਜੋ ਧਰਮ ਦੇ ਅਧਾਰ ਤੇ ਨਫਰਤ ਫੈਲਾਉਂਦੇ ਹਨ ਅਤੇ ਨੁਕਤਾਚੀਨੀ ਕਰਨ ਵਾਲਿਆਂ ਨੂੰ ਡਰਾ ਕੇ ਚੁੱਪ ਕਰਾਉਣਾ ਚਾਹੁੰਦੇ ਹਨ, ਉਹਨਾਂ ਨੂੰ ਸਿਰਫ ਧੱਕੜਾਂ ਅਤੇ ਜਾਬਰਾਂ ਦਾ ਦਰਜਾ ਹੀ ਦਿੱਤਾ ਜਾ ਸਕਦਾ ਹੈ।

ਇਹਨਾਂ ਦੀਆਂ ਕਾਰਵਾਈਆਂ ਨਾਲ ਨਸਲੀ ਗੋਰਿਆਂ ਨੂੰ ਸ਼ਹਿ ਮਿਲ ਰਹੀ ਹੈ। ਜਦੋਂ ਕਿ ਸਿੱਖਾਂ ਦੀ ਬਹੁ-ਗਿਣਤੀ ਨੇ ਪੰਜਾਬ ਦੇ ਦੁਖਾਂਤ ਸਬੰਧੀ ਜਾਬਤੇ ਵਿਚ ਰਹਿ ਕੇ ਸਰਕਾਰ ਦਾ ਵਿਰੋਧ ਕੀਤਾ ਹੈ, ਡੱਗ ਕੌਲਿਨਜ ਵਰਗੇ ਨਸਲੀ ਪੱਤਰਕਾਰਾਂ ਨੇ ਕੁਛ ਅਤਿਵਾਦੀਆਂ ਦੀਆਂ ਕਾਰਵਾਈਆਂ ਵਰਤਕੇ ਸਾਰੀ ਸਿੱਖ ਕਮਿਊਨਿਟੀ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਕੌਲਿਨਜ ਉਨ੍ਹਾਂ ਦੀਆਂ ਕਾਰਵਾਈਆਂ ਦਰਸਾ ਕੇ ਇਹ ਪ੍ਰਚਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਸਾਰੇ ਹੀ ਭਾਰਤੀ ਹਿੰਸਾਤਮਕ ਹਨ ਅਤੇ ਉਹਨ੍ਹਾਂ ਨੂੰ ਕਨੇਡਾ ਵਿਚ ਰਹਿਣ ਦਾ ਕੋਈ ਹੱਕ ਨਹੀਂ ਹੋਣਾ ਚਾਹੀਦਾ। ਕਈ ਹੋਰ ਨਸਲੀ ਗੋਰੇ ਭਾਰਤੀ ਕਮਿਊਨਿਟੀ ਵਿਰੁਧ ਇਹ ਕਹਿਕੇ "ਦੇਖੋ ਇਹ ਬੇਵਕੂਫ ਤਾਂ ਆਪਸ ਵਿਚ ਹੀ ਲੜਦੇ ਹਨ ਅਤੇ ਇਕ ਦੂਸਰੇ ਨਾਲ ਵਿਤਕਰਾ ਕਰਦੇ ਹਨ" ਭੜਕਾਊ ਪ੍ਰਚਾਰ ਕਰ ਰਹੇ ਹਨ।

ਇਹਨ੍ਹਾਂ ਮੁਠੀ ਭਰ ਲੋਕਾਂ ਦਾ ਰਵਈਆ, ਅਤੇ ਇਨ੍ਹਾਂ ਵਲੋਂ ਡਰਾਉਣ, ਧਮਕਾਉਣ ਅਤੇ ਹਿੰਸਾ ਵਰਤਣ ਦੀਆਂ ਕਾਰਵਾਈਆਂ ਸਾਰੀ ਇੰਡੋ-ਕਨੇਡੀਅਨ ਕਮਿਊਨਿਟੀ ਲਈ ਇਕ ਬਹੁਤ ਵੱਡਾ ਖਤਰਾ ਬਣ ਰਹੀਆਂ ਹਨ। ਜੇ ਅਸੀਂ ਇਹਨਾਂ ਖਿਲਾਫ ਅਵਾਜ਼ ਨਾ ਉਠਾਈ ਤਾਂ ਅਸੀਂ ਸਾਡੀ ਕਮਿਊਨਿਟੀ ਨੂੰ ਗੋਰਿਆਂ ਦੇ ਨਸਲਵਾਦ ਤੋਂ ਬਚਾਉਣ ਲਈ ਭੀ ਅਸਮਰਥ ਰਹਾਂਗੇ। ਜੇ ਇਹਨਾਂ ਦੀਆਂ ਕਾਰਵਾਈਆਂ ਇਸੇ ਤਰ੍ਹਾਂ ਜਾਰੀ ਰਹੀਆਂ ਤਾਂ ਇਹ ਭੀ ਹੋ ਸਕਦਾ ਹੈ ਕਿ ਕਨੇਡੀਅਨ ਸਰਕਾਰ ਦਖਲ-ਅੰਦਾਜ਼ੀ ਕਰੇ। ਮਿਸਾਲ ਦੇ ਤੌਰ ਤੇ ਜੇ ਰਸਮੀ ਤਲਵਾਰ ਲੋਕਾਂ ਨੂੰ ਡਰਾਉਣ, ਧਮਕਾਉਣ ਲਈ ਵਰਤੀ ਗਈ ਤਾਂ ਕਨੇਡੀਅਨ ਸਰਕਾਰ ਇਸ ਰਸਮੀ ਤਲਵਾਰ ਦੀ ਜੋ ਕਿ ਸਿੱਖਾਂ ਦਾ ਇਕ ਧਾਰਮਿਕ ਚਿੰਨ ਹੈ, ਬੰਦਸ਼ ਕਰਨ ਤੋਂ ਨਹੀਂ ਝਿਜਕੇਗੀ। ਇਸੇ ਤਰ੍ਹਾਂ ਜੇ ਹਿੰਦੂਆਂ ਦੇ ਬਿਜ਼ਨਿਸ ਬਾਈਕਾਟ ਕਰਨ ਦੀ ਪਟੀਸ਼ਨ ਚਲਾਈ ਗਈ ਤਾਂ ਸਰਕਾਰ ਕਰਿਮੀਨਲ ਕੋਡ ਦੇ ਨਫਰਤ ਪ੍ਰਚਾਰ (hate propaganda) ਸ਼ੈਕਸਨਾਂ ਹੇਠ ਕਮਿਊਨਿਟੀ ਦੇ ਮੈਂਬਰਾਂ ਵਿਰੁਧ ਚਾਰਜ ਲਾਉਣ ਤੋਂ ਨਹੀਂ ਝਿਜਕੇਗੀ।

ਨਸਲਵਾਦ ਵਿਰੁਧ ਸੰਘਰਸ਼ ਸੰਮਤੀ ਦਾ ਸਟੈਂਡ ਹੈ ਕਿ ਜਿਹੜੇ ਇਹਨਾਂ ਕੋਝੀਆਂ ਹਰਕਤਾਂ ਵਿਚ ਜੁਟੇ ਹੋਏ ਹਨ ਉਹਨਾਂ ਦੀ ਨਿਖੇਧੀ ਕੀਤੀ ਜਾਣੀ ਚਾਹੀਦੀ ਹੈ। ਕਮਿਊਨਿਟੀ ਨੂੰ ਇਹ ਦੱਸ ਦੇਣਾ ਚਾਹੀਦਾ ਹੈ ਕਿ ਇਹਨ੍ਹਾਂ ਮੁਠੀ ਭਰ ਲੋਕਾਂ ਦੀ ਕੋਈ ਮੱਦਦ ਨਹੀਂ ਕਰਦਾ। ਜਿਹੜੇ ਦਬਾਅ ਕਾਰਨ ਚੁੱਪ ਹੋਏ ਬੈਠੇ ਹਨ ਉਹਨ੍ਹਾਂ ਨੂੰ ਆਪਣੇ ਖਿਆਲ ਪ੍ਰਗਟ ਕਰਨ ਦਾ ਹੌਂਸਲਾ ਕਰਨਾ ਚਾਹੀਦਾ ਹੈ।

ਜਿਸ ਤਰ੍ਹਾਂ ਕਿ ਅਸੀਂ ਇਕੱਠੇ ਹੋ ਕੇ ਨਸਲੀ ਗੋਰਿਆਂ ਦੀਆਂ ਕਾਰਵਾਈਆਂ ਦੀ ਨਿਖੇਧੀ ਕੀਤੀ ਹੈ, ਉਸੇ ਤਰ੍ਹਾਂ ਸੰਘਰਸ਼-ਸੰਮਤੀ ਸਾਰੇ ਭਾਰਤੀਆਂ ਅਤੇ ਉਹਨਾਂ ਦੀਆਂ ਜਥੇਬੰਦੀਆਂ ਨੂੰ ਅਪੀਲ ਕਰਦੀ ਹੈ ਕਿ ਇਹਨਾਂ ਮੁਠੀ ਭਰ ਲੋਕਾਂ ਦੀਆਂ ਕਾਰਵਾਈਆਂ ਦੀ ਨਿਖੇਧੀ ਕੀਤੀ ਜਾਵੇ।

ਆਓ ਇਕਮੁਠ ਹੋ ਕੇ ਨਸਲਵਾਦ ਦਾ ਮੁਕਾਬਲਾ ਕਰੀਏ

ਪੰਜਾਬ ਵਿੱਚ ਫਿਰਕੂ ਹਿੰਸਾ ਅਤੇ ਫਾਸ਼ੀ ਤਸ਼ੱਦਦ ਦੇ ਖਿਲਾਫ

□ ਹਰਦਿਆਲ ਬੈਂਸ

(ਲੜੀ ਜੋੜਨ ਲਈ ਵੇਖੋ ਸਤੰਬਰ 16-30, 1984 ਵਾਲਾ ਅੰਕ)

1947 ਤੋਂ ਬਾਅਦ ਹਿੰਦੁਸਤਾਨੀ ਹਾਕਮ ਦਾਇਰਿਆਂ ਨੇ ਸਿਲਸਿਲੇਵਾਰ ਧਰਮ ਅਤੇ ਬੋਲੀ ਦੇ ਆਧਾਰ ਤੇ ਲੋਕਾਂ ਵਿੱਚ ਦੁਸ਼ਮਣੀ ਉਕਸਾਉਣੀ ਆਰੰਭ ਕਰ ਦਿੱਤੀ। ਉਨ੍ਹਾਂ ਨੇ ਇਸ ਅਧਾਰ ਉੱਤੇ ਰਾਜਾਂ ਦੀਆਂ ਹੱਦਾਂ ਫਿਰ ਬਣਾਉਣੀਆਂ ਅਰੰਭ ਦਿੱਤੀਆਂ। ਇਸ ਤਰ੍ਹਾਂ ਪੰਜਾਬ ਨੂੰ ਫਿਰ ਬੋਲੀ ਦੇ ਆਧਾਰ ਉਤੇ ਵੰਡਿਆ ਗਿਆ। ਹੁਣ ਇਕ ਵਾਰ ਫਿਰ ਪੰਜਾਬ ਦੀ ਦੁਵਾਰਾ ਵੰਡ ਕਰਨ ਲਈ ਧਰਮ ਨੂੰ ਵਰਤਿਆ ਜਾ ਰਿਹਾ ਹੈ।

ਹਿੰਦੁਸਤਾਨੀ ਹਾਕਮ ਦਾਇਰੇ ਵਿਸ਼ੇਸ਼ ਤੌਰ ਤੇ ਫਿਰਕੂ ਅਨਸਰਾਂ ਨੂੰ ਲੋਕਾਂ ਦੇ ਨੁਮਾਇੰਦੇ ਮੰਨਦੇ ਹਨ। ਸਮੁੱਚੀ ਨੁਮਾਇੰਦਗੀ ਉਤੇ ਅਧਾਰਿਤ ਹੈ ਅਤੇ "ਵਿਰੋਧੀ" ਪਾਰਟੀਆਂ ਵੀ ਧਾਰਮਿਕ ਅਧਾਰ ਉਤੇ ਲੋਕਾਂ ਵਿੱਚ ਵੰਡ ਨੂੰ ਮਾਨਤਾ ਦਿੰਦੀਆਂ ਹਨ। ਇੰਦਰਾ ਗਾਂਧੀ ਅਤੇ ਜ਼ੈਲ ਸਿੰਘ ਅਤੇ "ਵਿਰੋਧੀ ਧੜੇ" ਦਾ ਸਮੁੱਚਾ ਨਜ਼ਰੀਆ ਫਿਰਕੂ ਹੈ। ਇਹ ਇਹੀ ਫਿਰਕੂ ਨਜ਼ਰੀਆ ਹੈ ਜੋ ਸਮੱਸਿਆ ਦੀ ਅਸਲੀ ਜੜ੍ਹ ਹੈ।

"ਸਮਾਜ ਵਿਰੋਧੀ ਅਨਸਰ" ਅਤੇ "ਅੱਤਵਾਦੀ ਲਹਿਰ" ਸਮੱਸਿਆ ਲਈ ਜ਼ਿੰਮੇਵਾਰ ਨਹੀਂ ਹਨ ਅਤੇ ਨਾ ਹੀ ਇੰਦਰਾ ਗਾਂਧੀ ਅਤੇ ਜ਼ੈਲ ਸਿੰਘ ਵਿਰੁੱਧ ਫਿਰਕੂ ਨਜ਼ਰੀਆ ਰੱਖ ਕੇ ਲੜਿਆ ਜਾ ਸਕਦਾ ਹੈ। ਹਰਿਮੰਦਰ ਸਾਹਿਬ ਉਤੇ ਹਮਲਾ ਅਤੇ ਪੰਜਾਬ ਉਤੇ ਵਹਿਸ਼ੀ ਫੌਜੀ ਕਬਜ਼ਾ ਸਭ ਤੋਂ ਵੱਡੀ ਫਿਰਕੂ ਕਾਰਵਾਈ ਹੈ। ਜੋ ਨਾ ਕੇਵਲ ਧਾਰਮਿਕ ਫੁੱਟ ਨੂੰ ਜਾਇਜ਼ ਕਰਾਰ ਦੇਣ ਲਈ ਹੀ ਹੈ ਸਗੋਂ ਹੋਰ ਵਧੇਰੇ ਫੁੱਟ ਪਾਉਣ ਲਈ ਵੀ ਹੈ। ਕੋਈ ਵੀ ਜੋ ਇਸ ਤਰ੍ਹਾਂ ਫਿਰਕੂ ਆਧਾਰ ਉਤੇ ਭੜਕ ਉਠੇਗਾ, ਉਹ ਸਿੱਧੇ ਤੌਰ ਤੇ ਇੰਦਰਾ ਗਾਂਧੀ ਤੇ ਜ਼ੈਲ ਸਿੰਘ ਦੇ ਹੱਥਾਂ ਵਿੱਚ ਖੇਡੇਗਾ। ਹਾਕਮ ਦਾਇਰਿਆਂ ਨੇ ਪੰਜਾਬ ਦੇ ਲੋਕਾਂ ਦੀ "ਨੁਮਾਇੰਦਗੀ" ਕਰਨ ਲਈ ਧਾਰਮਿਕ ਜਨੂੰਨੀ ਪਾਲੇ ਹੋਏ ਹਨ। ਫਿਰ ਉਨ੍ਹਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਕਿ ਉਹ ਪੰਜਾਬ ਦੇ ਲੋਕਾਂ ਦੀਆਂ ਧਰਮ-ਨਿਰਪੇਖ ਅਤੇ ਧਾਰਮਿਕ ਦੋਵੇਂ ਤਰ੍ਹਾਂ ਦੀਆਂ ਮੰਗਾਂ ਦੀ ਨੁਮਾਇੰਦਗੀ ਕਰਦੇ ਹਨ। ਪਰ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਫਿਰਕੂਵਾਦੀਏ ਲੋਕਾਂ ਦੀਆਂ ਮੰਗਾਂ ਪੇਸ਼ ਕਰਨ? ਫਿਰਕੂਵਾਦੀਏ ਲੁੱਟ-ਖਸੁੱਟ ਅਤੇ ਜ਼ਬਰ ਖਿਲਾਫ ਕਿਸ ਤਰ੍ਹਾਂ ਲੜ ਸਕਦੇ ਹਨ? ਇੰਦਰਾ ਗਾਂਧੀ ਅਤੇ ਜ਼ੈਲ ਸਿੰਘ ਜੋ ਬੜੇ ਸੁਲਝੇ ਹੋਏ ਅਤੇ ਧਰਮ ਨਿਰਪੱਖ ਆਗੂ ਅਤੇ ਫਿਰਕਾ ਪ੍ਰਸਤੀ ਦੇ ਵਿਰੁੱਧ ਹੋਣ ਦਾ ਵਿਖਾਵਾ ਕਰਦੇ ਹਨ, ਇਹ ਜਾਣ ਬੁੱਝ ਕੇ ਅਜਿਹੇ ਅਨਸਰਾਂ ਨੂੰ ਵਰਤਦੇ ਹਨ, ਕਿਉਂਕਿ ਅਜਿਹੇ ਅਨਸਰ ਲੋਕਾਂ ਵਿੱਚ ਜਾਂਗਲੀ ਨਫਰਤ ਫੈਲਾਉਣ ਲਈ ਅਤੇ ਲੋਕਾਂ ਨੂੰ ਇਕ ਦੂਜੇ ਨਾਲ ਲੜਾਉਣ ਲਈ ਇਹਨਾਂ ਦੇ ਬਹੁਤ ਕੰਮ ਆਉਂਦੇ ਹਨ। ਹਿੰਦੁਸਤਾਨੀ ਹਾਕਮ ਦਾਇਰੇ ਇਕ ਜਾਂ ਦੂਜੇ ਫਿਰਕੂ ਗਰੁੱਪ ਨੂੰ ਇਲਜ਼ਾਮ ਦੇ ਕੇ ਆਪਣੀ ਫਿਰਕਾ ਪ੍ਰਸਤ ਨੀਤੀ ਨੂੰ ਛੁਪਾਉਣ ਦੀ ਕੋਸ਼ਿਸ਼ ਕਰਦੇ ਹਨ। ਪਰ ਇਹ ਤਾਂ ਹਿੰਦੁਸਤਾਨੀ ਹਾਕਮ ਦਾਇਰਿਆਂ ਦੀ ਫਿਰਕਾ ਪ੍ਰਸਤ ਨੀਤੀ ਹੈ ਜੋ ਫਿਰਕੂ ਹਾਲਾਤ ਲਈ ਜ਼ਿੰਮੇਵਾਰ ਹੈ।

ਲੋਕਾਂ ਵਾਸਤੇ ਇਹ ਜਾਨਣਾ ਜ਼ਰੂਰੀ ਹੈ ਕਿ ਦੁਸ਼ਮਣ ਕੌਣ ਹੈ? ਉਨ੍ਹਾਂ ਲਈ ਜ਼ਰੂਰੀ ਹੈ ਕਿ ਉਹ ਦੋਸਤ ਅਤੇ ਦੁਸ਼ਮਣ ਦੀ ਪੱਕੀ ਪਛਾਣ ਕਰਨ। ਇਸ ਗੁੰਝਲਦਾਰ ਹਾਲਤ ਵਿੱਚ ਜਿੱਥੇ ਧਾਰਮਿਕ ਅਤੇ ਕੌਮੀ ਜਜ਼ਬਾਤ ਉਲਝੇ ਹੋਏ ਹਨ ਇਹ ਜ਼ਰੂਰੀ ਹੈ ਕਿ ਸਾਫ ਤੌਰ ਤੇ ਉਨ੍ਹਾਂ ਦੀ ਨਿਖੇਧੀ ਕੀਤੀ ਜਾਵੇ ਜੋ ਫਿਰਕੂ ਹਿੰਸਾ ਅਤੇ ਫਾਸ਼ੀ ਤਸ਼ੱਦਦ ਲਈ ਜ਼ਿੰਮੇਵਾਰ ਹਨ। ਇਹ ਜ਼ਿੰਮੇਵਾਰੀ ਸਿੱਧੇ ਤੌਰ ਤੇ ਹਿੰਦੁਸਤਾਨੀ ਹਾਕਮ ਦਾਇਰਿਆਂ ਦੇ ਸਿਰ ਹੈ। ਉਨ੍ਹਾਂ ਦੀ ਨਿਖੇਧੀ ਕਰਨੀ ਜ਼ਰੂਰੀ ਹੈ। ਇੰਦਰਾ ਗਾਂਧੀ ਅਤੇ ਉਸ ਦੇ ਚਮਚੇ, ਅਕਾਲੀ ਪਾਰਟੀ ਅਤੇ ਖਾਲਿਸਤਾਨ ਦੀ ਵਕਾਲਤ ਕਰਨ ਵਾਲਿਆਂ ਨੂੰ ਪੰਜਾਬ ਦੇ ਹਾਲਤਾਂ ਦਾ ਇਲਜ਼ਾਮ ਦਿੰਦੇ ਹਨ। ਹਾਂ ਇੰਦਰਾ ਗਾਂਧੀ ਲਈ ਇਹ ਬੜੀ ਸੌਖੀ ਗੱਲ ਹੈ ਕਿ ਸਮੱਸਿਆ ਦੀ ਜੜ੍ਹ ਨੂੰ ਹਿੰਦੁਸਤਾਨੀ ਹਾਕਮ ਦਾਇਰਿਆਂ ਵਿਚਲੇ ਲੜਾਈ ਝਗੜਿਆਂ ਵਿੱਚ ਉਲਝਾਇਆ ਜਾਵੇ ਅਤੇ ਇਸ ਤਰ੍ਹਾਂ ਮਸਲੇ ਨੂੰ ਭੰਬਲ ਭੂਸਿਆਂ ਵਿੱਚ ਪਾਇਆ ਜਾਵੇ।

ਫਿਰਕੂ ਸਮੱਸਿਆ ਅਤੇ ਫਾਸ਼ੀ ਤਸ਼ੱਦਦ ਦੋਹਾਂ ਦੀ ਜੜ੍ਹ ਵੱਡੇ ਸਰਮਾਏਦਾਰਾਂ ਅਤੇ ਜਾਗੀਰਦਾਰਾਂ ਦਾ ਰਾਜ ਹੈ। ਇਹ ਸਮਾਜਿਕ ਜਮਾਤਾਂ ਫਿਰਕੂ ਹਿੰਸਾ ਨੂੰ ਬਣਾਈ ਰੱਖਦੀਆਂ ਹਨ। ਬਹੁਤ ਜ਼ਹਿਰੀਲਾ ਫਿਰਕੂ ਪ੍ਰਚਾਰ ਕਰਦੀਆਂ ਰਹਿੰਦੀਆਂ ਹਨ। ਲੋਕਾਂ ਨੂੰ ਫਿਰਕੂ ਕਤਲੇਆਮ ਵਿਰੁੱਧ ਹਿੰਸਾ ਲੈਣ ਲਈ ਮਜਬੂਰ ਕਰਨ ਲਈ ਗੁੰਡਿਆਂ ਅਤੇ ਬਦਮਾਸ਼ਾਂ ਨੂੰ ਪੈਸੇ ਦਿੰਦੀਆਂ ਹਨ। ਹਾਕਮ ਦਾਇਰੇ ਧਰਮ ਬੋਲੀ, ਇਲਾਕਾਈ ਵਖਰੇਵੇਂ ਆਦਿ ਦੇ ਆਧਾਰ ਉਤੇ ਲੋਕਾਂ ਵਿੱਚ ਇਕ ਦੂਜੇ ਦਾ ਡਰ ਪੈਦਾ ਕਰਦੇ ਹਨ, ਅਤੇ ਇਸ ਆਧਾਰ ਉਤੇ ਹਾਲਾਤ ਨੂੰ ਭੜਕਾਇਆ ਜਾਂਦਾ ਹੈ ਤੇ ਇਸ ਤਰ੍ਹਾਂ ਪੈਦਾ ਕੀਤੀ ਖਿਚੋਤਾਣ ਨੂੰ ਹਾਕਮ ਦਾਇਰੇ ਆਪਣੇ ਲਾਭ ਲਈ ਵਰਤਦੇ ਹਨ।

ਇਹ ਗੱਲ ਕਿ ਕੁੱਝ ਸਿੱਖ ਖਾਲਿਸਤਾਨ ਬਣਾਉਣਾ ਚਾਹੁੰਦੇ ਹਨ, ਇਹ ਗੱਲ ਫਿਰਕੂ ਹਿੰਸਾ ਅਤੇ ਫਾਸ਼ੀ ਤਸ਼ੱਦਦ ਦਾ ਕਾਰਨ ਨਹੀਂ ਹੋ ਸਕਦੀ। ਉਨ੍ਹਾਂ ਨੂੰ ਜ਼ਿੰਮੇਵਾਰੀ ਦੇਣੀ ਗੰਭੀਰ ਗਲਤ ਫਹਿਮੀ ਅਤੇ ਮਾਰੂ ਗਲਤੀ ਹੋਵੇਗੀ। ਉਹ ਜਿਸ ਗੱਲ ਉਤੇ ਇੰਦਰਾ ਗਾਂਧੀ ਅਤੇ ਜ਼ੈਲ ਸਿੰਘ ਟੇਕ ਰੱਖਦੇ ਹਨ, ਜੋ ਅਸਲੀ ਦੋਸ਼ੀ ਹਨ, ਤਾਂ ਕਿ ਲੋਕਾਂ ਦਾ ਧਿਆਨ ਅਤੇ ਇਲਜ਼ਾਮ ਉਨ੍ਹਾਂ ਉਤੇ ਨਾ ਆਵੇ।

ਅਸੀਂ ਖਾਲਿਸਤਾਨ ਦੀ ਮੰਗ ਦੇ ਕਿਸੇ ਵੀ ਪਹਿਲੂ ਨਾਲ ਸਹਿਮਤ ਨਹੀਂ ਹਾਂ ਅਸੀਂ ਉਸ ਨਿਰਣੇ ਨਾਲ ਸਹਿਮਤ ਨਹੀਂ ਹਾਂ ਜਿਸ ਉਤੇ ਇਹ ਮੰਗ ਅਧਾਰਿਤ ਹੈ ਕਿ ਧਰਮ, ਕੌਮ ਜਾਂ ਕੌਮੀਅਤ ਦੇ ਬਰਾਬਰ ਹੈ ਜਾਂ ਕਿ ਇਕ ਧਾਰਮਿਕ ਗਰੁੱਪ ਇਕ ਕੌਮ ਬਣਾਉਂਦਾ ਹੈ। ਜਿੱਥੋਂ ਤੱਕ ਇੰਦਰਾ ਗਾਂਧੀ ਤੇ ਹਾਕਮ ਦਾਇਰਿਆਂ ਦੀ ਗੱਲ ਹੈ, ਇਕ ਪਾਸੇ ਇਹ ਪਾਖੰਡ ਕਰਦੇ ਹਨ ਕਿ ਇਹ ਧਰਮ ਨਿਰਪੱਖ ਹਨ ਅਤੇ ਰਾਜ ਤੋਂ ਧਰਮ ਨੂੰ ਵੱਖ ਰੱਖਣ ਦੇ ਜਮਹੂਰੀ ਅਸੂਲਾਂ ਦਾ ਵਿਖਾਵਾ ਕਰਦੇ ਹਨ, ਪਰ ਅਸਲੀਅਤ ਵਿੱਚ ਇਹ ਸਭ ਧਾਰਮਿਕ ਪੂਰਵ ਪੱਖਾਂ ਨੂੰ ਸਭ ਫਿਰਕਾਪ੍ਰਸਤ ਨੀਤੀਆਂ ਨੂੰ ਸਵੀਕਾਰ ਕਰਦੇ ਹਨ ਜੋ ਧਰਮ ਨਿਰਪੱਖਤਾ ਅਤੇ ਧਰਮ ਦੇ ਰਾਜ ਤੋਂ ਵੱਖ ਹੋਣ ਦੇ ਉਲਟ ਹਨ। ਖਾਲਿਸਤਾਨ ਦੀ ਮੰਗ, ਹਿੰਦੁਸਤਾਨੀ ਹਾਕਮ ਜਮਾਤਾਂ ਦੀ ਫਿਰਕੂ ਨੀਤੀ ਦਾ ਸਿੱਟਾ ਹੈ ਅਤੇ ਉਨ੍ਹਾਂ ਦੀ ਅੰਦਰੂਨੀ ਵਿਰੋਧਤਾਈ ਦੀ ਝਲਕ ਹੈ। ਖਾਲਿਸਤਾਨ ਦੀ ਮੰਗ, ਹਿੰਦੁਸਤਾਨੀ ਹਾਕਮ ਜਮਾਤਾਂ ਦੀ ਉਸ ਫਿਰਕੂ ਨੀਤੀ ਨੂੰ ਚਾਲੂ ਰੱਖਣਾ ਵੀ ਹੈ, ਜਿਸ ਦੇ ਆਧਾਰ ਉਤੇ ਉਨ੍ਹਾਂ ਦੇਸ਼ ਦੀ ਵੰਡ ਕੀਤੀ ਅਤੇ ਲਗਾਤਾਰ ਫਿਰਕੂ ਝਗੜਿਆਂ ਦਾ ਅਧਾਰ ਕਾਇਮ ਕੀਤਾ।

(ਚਲਦਾ)

'ਕੈਨੇਡਾ ਦਰਪਣ' ਆਪ ਪੜ੍ਹੋ ਤੇ ਦੂਜਿਆਂ ਨੂੰ ਪੜ੍ਹਨ ਲਈ ਪਰੇਰੋ

ਸਹਿਜਧਾਰੀ

□ ਮਿੱਤਰ ਰਾਸ਼ਾ

ਮੈਂ ਸਹਿਜਧਾਰੀ ਹਾਂ
ਗ੍ਰੰਥ ਸਾਹਿਬ ਦਾ
ਇਤਰਾਮ ਕਰਦਾ ਹਾਂ
ਬੈਠਦਾ ਹਾਂ
ਚਲਦਾ ਹਾਂ
ਉਹਨੂੰ ਅੰਗ ਸੰਗ
ਸਮਝਦਾ ਹਾਂ।

ਮਜਬੂਰੀ ਦੀ
ਜਿਲਣ ਵਿੱਚ ਫਸਿਆ
ਕੇਸਾਂ ਨੂੰ
ਸਵਾਸਾਂ ਨਾਲ
ਨਿਭਾ ਨਹੀਂ ਸਕਿਆ।

ਜਿੰਦੜੀ 'ਚ
ਸਵਾਸ ਆਉਂਦੇ ਜਾਂਦੇ ਰੱਖਣ ਲਈ
ਜਿੰਦੜੀ ਦੀ ਭੁੱਖ ਦਾ
ਮੂੰਹ ਢੱਕਣ ਲਈ
ਸਿਰ ਤੇ ਕੇਸਾਂ ਦਾ
ਮੁਕਟ ਸਜਾ ਨਹੀਂ ਸਕਿਆ।

ਕਲ ਜਦ
ਮੋਟਰ ਸਾਈਕਲ ਸਵਾਰ
ਭਜ ਰਹੇ ਹੋਣਗੇ
ਕਰਕੇ ਮੇਰੇ ਤੇ
ਗੋਲੀਆਂ ਦਾ ਵਾਰ

ਕੌਣ ਭਜ ਗਿਆ ਹੈ
ਆਪਣੇ ਆਪ ਨੂੰ ਮਾਰ
ਇਖਲਾਕ ਨੂੰ ਫਾਹੇ ਚਾੜ੍ਹ
ਬੁਲ੍ਹਾਂ ਮੇਰਿਆਂ ਦੀ
ਹੋਏਗੀ ਪੁਕਾਰ।

ਮੈਂ ਸਹਿਜਧਾਰੀ ਹਾਂ
ਗਰੰਥ ਸਾਹਿਬ ਦਾ
ਇਤਰਾਮ ਕਰਦਾ ਹਾਂ
ਬੈਠਦਾ ਹਾਂ
ਚਲਦਾ ਹਾਂ
ਉਹਨੂੰ ਅੰਗ ਸੰਗ
ਸਮਝਦਾ ਹਾਂ।

—ਪ੍ਰਿੰਸੀਪਲ ਤਖ਼ਤ ਸਿੰਘ

ਲੰਘ ਕੇ ਵੇਂਹਦਾ ਸਿਰ ਤੋਂ ਪਾਣੀ ਸ਼ੀਸ਼ੇ ਦਾ!
ਮੇਰਾ ਪਰਛਾਵਾਂ ਸੀ ਹਾਣੀ ਸ਼ੀਸ਼ੇ ਦਾ।

ਅੰਬਰ ਦੇ ਤਾਰੇ ਸਿੰਨ੍ਹੀ ਬੈਠੇ ਨੇ ਰੋੜ,
ਚੰਨ ਫਿਰ ਕਿਉਂ ਸੀਨਾ ਤਾਣੀ ਸ਼ੀਸ਼ੇ ਦਾ?

ਡਿੱਠਾ ਆਪਣਾ ਆਪ ਮੈਂ ਤਰੇਲ ਦੇ ਤੁਪਕੇ ਵਿਚ,
ਵੇਖ ਲਿਆ ਮੂੰਹ ਸ਼ੀਸ਼ੇ ਥਾਣੀ ਸ਼ੀਸ਼ੇ ਦਾ।

ਮੇਰਾ ਪਰਛਾਵਾਂ ਤਕ ਉਸ 'ਚੋਂ ਦਿਸਦਾ ਸੀ।
ਉਸ ਗੋਰੀ ਦਾ ਜਿਸਮ ਸੀ ਜਾਣੀ ਸ਼ੀਸ਼ੇ ਦਾ!

ਮੌਤ ਦਿੜੀ ਦੀ ਸ਼ੀਸ਼ੇ ਹੱਥੋਂ ਹੋਣੀ ਸੀ,
ਲੇ ਡੁੱਬਿਆ ਅੱਗ-ਲੱਗਣਾ ਪਾਣੀ ਸ਼ੀਸ਼ੇ ਦਾ।

ਦਿਖੇ ਚਿਲਕਦੀ ਅਪਣੇ ਵਰਗੀ ਹੋਰ ਇਕ ਲੀਕ,
ਭੇਤ ਕੀ ਸਮਝੇ ਰਿਸ਼ਮ ਅਵਾਣੀ ਸ਼ੀਸ਼ੇ ਦਾ।

ਇਹ ਮੇਰੀ ਗਰਦਣ ਤੇ ਕਿਸ ਦਾ ਚਿਹਰਾ ਏ?
ਸ਼ਕਲ ਕਲੇਜਾ ਜਾਵੇ ਛਾਣੀ ਸ਼ੀਸ਼ੇ ਦਾ।

ਸੁੰਘਣ ਆਉਂਦੇ ਭੋਰ ਬਲੌਰਾ ਵਰਗੇ ਫੁੱਲ,
ਪੀ ਸਕਦੀ ਪਾਣੀ ਜੇ ਟਾਹਣੀ ਸ਼ੀਸ਼ੇ ਦਾ।

ਚਖ ਦਖ ਵੇਖੇ ਸ਼ੀਸ਼ਾ ਵੀ ਤਾਂ ਹੁਸਨ ਦੀ ਬੂੰਦ,
ਸੁਾਦ ਜੇ ਗੋਰੀ ਜਾਵੇ ਮਾਣੀ ਸ਼ੀਸ਼ੇ ਦਾ।

ਅਪਣੇ ਆਪ ਨੂੰ ਤੱਕਣ ਦੀ ਜਦ ਲੱਗੇ ਤੇਹ,
ਮੰਗੇ ਪਾਣੀ ਰੂਪ ਦੀ ਰਾਣੀ ਸ਼ੀਸ਼ੇ ਦਾ।

—ਸ. ਸ. ਮੀਸ਼ਾ

ਚੰਗੇ ਨਹੀਂ ਆਸਾਰ ਨਗਰ ਦੇ
ਊਂਘਣ ਪਹਿਰੇਦਾਰ ਨਗਰ ਦੇ।

ਰੰਗ ਬਰੰਗੀਆਂ ਰੋਸ਼ਨੀਆਂ ਵਿਚ
ਗੰਧਲੇ ਕਾਰੋਬਾਰ ਨਗਰ ਦੇ।

ਇਸ ਦੀ ਰੂਹ ਹੈ ਗੰਦਾ ਨਾਲਾ
ਵਗਣ ਦਿਓ ਵਿਤਕਾਰ ਨਗਰ ਦੇ।

ਉੱਚੇ ਮਹਿਲ ਮੁਨਾਰੀਂ ਵੱਸਣ
ਜੋ ਨੀਵੇਂ ਕਿਰਦਾਰ ਨਗਰ ਦੇ।

ਕੂਲੇ ਕੂਲੇ ਫੁੱਲਾਂ ਹੇਠਾਂ
ਡਾਹਢੇ ਤਿੱਖੇ ਖ਼ਾਰ ਨਗਰ ਦੇ।

ਕੱਢ ਲੈਂਦੇ ਨੇ ਇਤਰ ਬਦਨ ਦਾ
ਕਾਰੀਗਰ ਅੱਤਾਰ ਨਗਰ ਦੇ।

ਚਲਦੇ ਚਿੱਟੇ ਚਾਨਣ ਵਿਚ ਹੀ
ਸਭ ਕਾਲੇ ਬਾਜ਼ਾਰ ਨਗਰ ਦੇ।

ਰੌਣਕ ਵਿਚ ਕਟਦੇ ਇਕਲਾਪਾ
ਲੋਕ ਬੜੇ ਖ਼ੁਦ-ਦਾਰ ਨਗਰ ਦੇ।

ਫ਼ਿਲਮ ਦਰਪਣ

ਜੈਨੀਫਰ-ਇਕ ਚਮਕਦੀ ਐਕਟਰੈਸ

ਜੈਨੀਫਰ ਕਪੂਰ ਨੀਕੋਂਡਲ ਜੋ ਪਿਛਲੇ ਦਿਨੀਂ ਲੰਮੀ ਬੀਮਾਰੀ ਮਗਰੋਂ ਅੱਖਾਂ ਮੀਟ ਗਈ, "ਜਨੂੰਨ" ਅਤੇ "36 ਚੌਰੰਗੀ ਗਲੀ" ਅੰਦਰ ਸ਼ਾਨਦਾਰ ਐਕਟਿੰਗ ਕਰਕੇ ਉਸ ਦੀ ਯਾਦ ਆਉਂਦੀ ਰਹੇਗੀ। ਇਹ ਦੋਵੇਂ ਫਿਲਮਾਂ ਉਸਦੇ ਪਤੀ ਸਸ਼ੀ ਕਪੂਰ ਨੇ ਤਿਆਰ ਕੀਤੀਆਂ ਸਨ ਅਤੇ ਉਸ ਨੇ ਇਕ ਐਂਗਲੋ-ਇੰਡੀਅਨ ਦੇ ਤੌਰ ਉਸ ਵਿਚ ਕੰਮ ਕੀਤਾ। ਇਨ੍ਹਾਂ ਫਿਲਮਾਂ ਦਾ ਇਤਿਹਾਸਕ ਹਰ ਇਕ ਸਦੀ ਤੋਂ ਉਪਰ ਦੇ ਅਰਸੇ ਨੂੰ ਛੂੰਹਦਾ ਹੈ। "ਜਨੂੰਨ" ਨੂੰ ਸ਼ਿਆਮ ਬੈਨਰਜੀ ਨੇ ਡਾਇਰੈਕਟ ਕੀਤਾ ਸੀ। ਇਹ ਭਾਰਤ ਦੇ ਪਹਿਲੇ ਸੁਤੰਤਰਤਾ ਸੰਗਰਾਮ ਨਾਲ ਸਬੰਧਤ ਹੈ। ਉਸ ਨੇ ਇਕ ਬਰਤਾਨਵੀ ਅਫਸਰ ਦੀ ਪਤਨੀ ਦਾ ਪਾਰਟ ਅਦਾ ਕੀਤਾ ਹੈ ਜਦ ਕਿ ਉਸ ਦੀ ਮਾਂ ਇਕ ਭਾਰਤੀ ਔਰਤ ਦਿਖਾਈ ਗਈ ਹੈ। ਇਸ ਰੋਲ ਵਿਚ ਇਕ ਹਦ ਤੱਕ ਕਠੋਰਪਨ ਤੇ ਘੁਮੰਡ ਦਿਖਾਉਣ ਦੀ ਲੋੜ ਸੀ ਅਤੇ ਜੈਨੀਫਰ ਨੇ ਇਸ ਵਿਚ ਬੜੀ ਕਮਾਲ ਦਿਖਾਈ। ਸਮੁਚੇ ਤੌਰ ਉਤੇ ਉਸ ਦਾ ਰੋਲ ਆਦੀਵਾਸੀਆਂ ਨਾਲ ਸਖਤੀ ਨਾਲ ਪੇਸ਼ ਆਉਣ ਵਾਲਾ ਸੀ।

"36 ਚੌਰੰਗੀ ਗਲੀ" ਜਿਸ ਨੂੰ ਅਪਰਨਾ ਸੇਨ ਨੇ ਲਿਖਿਆ ਤੇ ਡਾਇਰੈਕਟ ਕੀਤਾ, ਵਿਚ ਉਸ ਨੇ ਆਜ਼ਾਦੀ ਤੋਂ ਬਾਦ ਦੇ ਭਾਰਤ ਦੇ ਇਕ ਉਪਰਮਾ ਐਂਗਲੋ-ਇੰਡੀਅਨ ਦਾ ਰੋਲ ਅਦਾ ਕੀਤਾ। ਜੇ ਜੈਨੀਫਰ ਨੇ "ਜਨੂੰਨ" ਅੰਦਰ ਇਕ ਅਜਿਹੀ ਇਕਲ ਵਿਚ ਰਹਿਣ ਵਾਲੀ ਕੁਆਰੀ ਦਾ ਰੋਲ ਬੜੀ ਖੂਬੀ ਨਾਲ ਨਿਭਾਇਆ ਜੋ ਨਾ ਚਾਹੁੰਦੇ ਹੋਏ ਵਿਦਿਆਰਥੀਆਂ ਨੂੰ ਸੈਕਸਪੀਅਰ ਪੜ੍ਹਾਉਂਦੀ ਹੋਵੇ ਅਤੇ ਭਾਰਤੀਆਂ(ਆਦੀ ਵਾਸੀਆਂ ਨਹੀਂ) ਨਾਲ ਕੋਈ ਸਬੰਧ ਜੋੜਨ ਦੇ ਜਤਨ ਕਰ ਰਹੀ ਹੋਵੇ, ਤਾਂ ਉਸ ਨੇ "36 ਚੌਰੰਗੀ ਗਲੀ" ਵਿਚ ਆਪਣੀ ਪ੍ਰਤਿਭਾ ਦੀ ਚਮਕ ਦਿਖਾਈ। ਉਸ ਨੇ ਆਪਣੇ ਰੋਲ ਅੰਦਰ ਬੜੇ ਪਿਆਰ ਤੇ ਕੋਮਲਤਾ ਦਾ ਪ੍ਰਗਟਾ ਕੀਤਾ।

ਪਰ ਬਦਕਿਸਮਤੀ ਨਾਲ ਇਕ ਉਪਰਾਮ ਐਂਗਲੋ-ਇੰਡੀਅਨ ਦੇ ਰੋਲ ਲਈ ਉਸ ਨੂੰ ਇਕ ਨੰਬਰ ਐਕਟਰੈਸ ਵਜੋਂ ਕੌਮੀ ਐਵਾਰਡ ਨਾ ਮਿਲ ਸਕਿਆ, ਉਹ 'ਉਮਰਾਓ ਜਾਨ' ਵਿਚ ਕਮਰਸ਼ਲ ਤੌਰ ਉਤੇ ਕੰਮ ਕਰਦੀ ਰੇਖਾ ਨੂੰ ਮਿਲਿਆ ਭਾਵੇਂ ਕਿ ਉਸਦੀ ਐਕਟਿੰਗ ਜੈਨੀਫਰ ਦੇ ਤੁਲ ਨਹੀਂ ਸੀ। ਇਸ ਐਵਾਰਡ ਬਾਰੇ ਬੜੀ ਬਹਿਸ ਛਿੜੀ ਅਤੇ ਇਤਰਾਜ਼ ਕਰਨ ਵਾਲਿਆਂ ਨੇ ਆਖਿਆ ਕਿ ਚੂੰਕਿ ਜਨੂੰਨ ਭਾਰਤੀ ਫਿਲਮ ਸੀ, ਇਸ ਕਰਕੇ ਇਹ ਕਹਿਣਾ ਗਲਤ ਹੈ ਕਿ ਜੈਨੀਫਰ ਦੀ ਫਿਲਮ ਇੰਗਲਿਸ਼ ਹੋਣ ਕਰਕੇ ਉਸ ਨੂੰ ਐਵਾਰਡ ਨਾ ਦਿਤਾ ਜਾ ਸਕਿਆ।

ਸਿਨਮਾ ਜਾਣ ਵਾਲੇ ਜੋ ਜੈਨੀਫਰ ਦੀ ਹੋਰ ਅਦਾਕਾਰੀ ਦੇਖਣ ਦੀ ਉਡੀਕ ਵਿਚ ਸਨ ਨੂੰ ਬਹੁਤ ਨਿਰਾਸ਼ਾ ਹੋਈ ਕਿਉਂਕਿ ਉਹ ਕੈਂਸਰ ਕਰਕੇ ਹੋਰ ਰੋਲ ਅਦਾ ਨਾ ਕਰ ਸਕੀ। ਬੀਮਾਰੀ ਕਰਕੇ ਹੀ ਉਹ ਪਿਛਲੇ ਸਾਲ ਪਰਫੌਰਮੈਂਸ ਆਰਟ ਦੇ ਪ੍ਰਿਥਵੀ ਕੇਂਦਰ ਦੇ ਉਦਘਾਟਨੀ ਸਮਾਰੋਹ ਨੂੰ ਅਟੈਂਡ ਨਾ ਕਰ ਸਕੀ। ਸਸ਼ੀ ਕਪੂਰ ਨੂੰ ਉਸਦੀ ਥਾਂ ਟੈਗੋਰ ਥੀਏਟਰ ਜਾਣਾ ਪਿਆ। ਉਸ ਨੇ ਆਖਿਆ "ਮੈਨੂੰ ਉਮੀਦ ਹੈ ਕਿ ਤੁਸੀਂ ਜੈਨੀਫਰ ਦੀ ਥਾਂ ਮੈਨੂੰ ਦੇਖ ਕੇ ਬਹੁਤੇ ਨਿਰਾਸ਼ ਨਹੀਂ ਹੋਏ ਹੋਵੋਗੇ।" ਐਕਟਰ ਤਾਂ ਨਾ ਹੋਏ ਹੋਣਗੇ ਪਰ ਥੇਟਰ ਵਾਲੇ ਲੋਕ ਜ਼ਰੂਰ ਮਾਯੂਸ ਹੋਏ।



ਜੈਨੀਫਰ ਜਿਸ ਦੀ ਮੌਤ ਪਿਛਲੇ ਦਿਨੀਂ ਹੋ ਗਈ

ਆਪਣੇ ਸਹੁਰੇ ਪ੍ਰਿਥਵੀ ਰਾਜ ਕਪੂਰ ਦੀ ਮੌਤ ਮਗਰੋਂ ਜੈਨੀਫਰ ਪ੍ਰਿਥਵੀ ਥੇਟਰ ਦੀ ਜਿੰਦ ਜਾਨ ਸੀ। ਜੈਨੀਫਰ ਸੈਕਸਪੀਗਨਾ ਥੇਟਰ ਕੰਪਨੀ ਦੀ ਪ੍ਰਸਿਧ ਜੋੜੀ, ਜਾਫਰੀ ਤੇ ਲਾਉਰਾ ਕੇਂਡਲ ਦੀ ਸਪੁਤਰੀ ਸੀ। ਜੈਨੀਫਰ ਨੇ ਆਪਣਾ ਕੈਰੀਅਰ ਇਕ ਥੇਟਰ ਐਕਟਰੈਸ ਵਜੋਂ ਸ਼ੁਰੂ ਕੀਤਾ। ਉਸਨੇ ਆਪਣੇ ਟੱਬਰ ਸਮੇਤ ਸਾਰੇ ਭਾਰਤ ਦਾ ਟੂਰ ਕੀਤਾ ਤੇ ਮਗਰੋਂ ਜਾ ਕੇ ਖੂਬਸੂਰਤ ਸਸ਼ੀਕਪੂਰ ਨੂੰ ਦਿਲ ਦੇ ਬੈਠੀ ਜੋ ਉਸੇ ਗਰੁਪ ਦਾ ਮੈਂਬਰ ਸੀ। ਉਸਨੇ ਸੈਕਸਪੀਗਨਾ ਕੰਪਨੀ ਨੂੰ ਛੱਡ ਦਿਤਾ ਅਤੇ ਪ੍ਰਸਿੱਧ ਕਪੂਰ ਘਰਾਣੇ ਦੀ ਵਹੁਟੀ ਬਣ ਗਈ। ਉਹਨੇ ਦੋ ਲੜਕਿਆਂ ਤੇ ਇਕ ਲੜਕੀ ਕੁਨਾਲ, ਕਰਨ ਤੇ ਸੰਜਨਾਂ ਨੂੰ ਜਨਮ ਦਿਤਾ।

ਜੈਨੀਫਰ ਤੇ ਸ਼ਸ਼ੀ ਇਕ ਖੁਸ਼ ਜੋੜੀ ਸਨ, ਦੋਹਾਂ ਦੀ ਦਿਲਚਸਪੀ ਸਾਂਝੀ ਸੀ, ਉਹ ਕਮਰਸ਼ਲ ਫਿਲਮਾਂ ਦਾ ਮਖੌਲ ਉਡਾਉਂਦੇ ਸਨ ਜੋ ਕਿਸੇ ਵੇਲੇ ਉਭਰਨ ਵਾਸਤੇ ਸ਼ਸ਼ੀ ਨੇ ਅਦਾ ਕੀਤੇ ਸਨ, ਉਹਨਾਂ ਦਾ ਜੀਵਨ ਸਾਥ ਕਈ ਝਖੜਾਂ ਦੇ ਬਾਵਜੂਦ ਕਾਇਮ ਰਿਹਾ ਅਤੇ ਗੱਪ ਮਾਰੂ ਲਿਖਾਰੀ ਉਸਦੇ ਟੁਟਣ ਦੀ ਫਜ਼ੂਲ ਉਡੀਕ ਕਰਦੇ ਰਹੇ।

ਜੈਨੀਫਰ ਨੇ ਕਪੂਰ ਖਾਨਦਾਨ ਦੀ ਇਹ ਰੀਤ ਵੀ ਤੋੜ ਦਿਤੀ ਕਿ ਵਿਆਹ ਤੋਂ ਬਾਅਦ ਫਿਲਮਾਂ ਵਿਚ ਕੰਮ ਨਹੀਂ ਕਰਨਾ। ਗੀਤਾ ਬਾਲੀ, ਬਬੀਤਾ ਤੇ ਨੀਤੂ ਸਿੰਘ ਵਰਗੀਆਂ ਐਕਟਰੈਸਾਂ ਨੇ ਵਿਆਹ ਮਗਰੋਂ ਸਕਰੀਨ ਨੂੰ ਛੱਡ ਦਿਤਾ। ਪਰ ਜੈਨੀਫਰ ਨੇ ਵਿਆਹ ਤੋਂ ਕਈ ਸਾਲ ਬਾਦ "ਜਨੂੰਨ" ਵਿਚ ਕੰਮ ਕੀਤਾ।


ਪਿਛਲੇ ਸਾਲ ਕੈਂਡਲਜ਼ ਕੰਪਨੀ ਭਾਰਤ ਵਿਚ ਆਪਣੀ ਐਕਟਿੰਗ ਦੇ ਜੌਹਰ ਦਿਖਾਉਣ ਲਈ ਭਾਰਤ ਆਈ ਸੀ। "36 ਚੌਰੰਗੀ ਗਲੀ" ਵਿਚ ਜੈਨੀਫਰ ਦੇ ਰੋਲ ਦਾ ਜ਼ਿਕਰ ਕਰਦਿਆਂ ਲਾਉਰਾ ਕੈਂਡਲ ਨੇ ਇਕ ਮੁਲਾਕਾਤ ਵਿਚ ਆਖਿਆ "ਅਸੀਂ ਉਸ ਉਤੇ ਬਹੁਤ ਮਾਣ ਕਰਦੇ ਹਾਂ। ਇਹ ਕੇਵਲ ਇਕ ਮਾਂ ਦੇ ਨਾਤੇ ਨਹੀਂ। ਇਹ ਇਕ ਚੰਗੀ ਐਕਟਰੈਸ ਦੀ ਦੂਜੀ ਚੰਗੀ ਐਕਟਰੈਸ ਦੀ ਸਲਾਹੁਤਾ ਹੈ।"

—ਨਿਰਪੁਮਾ ਦੱਤ—

ਸੁਪਰ ਸਟਾਰਾਂ ਨਾਲ ਭਰੇ ਸ਼ੋਅ ਦੀ ਤਾਰੀਖ ਵਿਚ ਤਬਦੀਲੀ

ਰਾਜ ਬੱਬਰ, ਸੁਮੀਤਾ ਪਾਟਿਲ, ਨਾਜ਼ੀਆ ਹਸਨ, ਜ਼ੋਹੇਬ ਹਸਨ, ਅਨੀਤਾ ਰਾਜ ਵਰਗੇ ਸੁਪਰ ਸਟਾਰਾਂ ਨਾਲ ਭਰਿਆ ਸ਼ੋਅ 30 ਸਤੰਬਰ, 1984 ਦੀ ਥਾਂ ਹੁਣ 13 ਅਕਤੂਬਰ, 1984 ਨੂੰ ਸ਼ਾਮ ਦੇ ਸੱਤ ਵਜੇ ਵੈਨਕੂਵਰ ਪੀ. ਐਨ. ਈ. ਵਿਚ ਹੋਵੇਗਾ।

ਸ਼ੋਅ ਦੀਆਂ ਟਿਕਟਾਂ ਅੱਜ ਹੀ ਖਰੀਦੋ।





• ਕਮਜ਼ੋਰ ਯਾਦਦਾਸ਼ਤ

ਇੱਕ ਮੁੰਡਾ - "ਕੀ ਤੈਨੂੰ ਉਹ ਕੁੜੀ ਹਾਲੇ ਤੱਕ ਯਾਦ ਹੈ, ਜਿਹਦੇ ਨਾਲ ਤੂੰ ਪਹਿਲੀ ਵਾਰ ਪਿਆਰ ਕੀਤਾ ਸੀ?"

ਦੂਜਾ ਮੁੰਡਾ - "ਨਹੀਂ ਮੇਰੀ ਯਾਦਦਾਸ਼ਤ ਬਹੁਤ ਕਮਜ਼ੋਰ ਏ। ਮੈਨੂੰ ਤਾਂ ਉਹ ਕੁੜੀ ਵੀ ਯਾਦ ਨਹੀਂ, ਜਿਹਦੇ ਨਾਲ ਅੱਜ ਸਵੇਰੇ ਪਿਆਰ ਪ੍ਰਗਟ ਕੀਤਾ ਸੀ।"

• ਸੁਆਹ

ਅਮਰੀਕਾ ਦੇ ਕੁੱਝ ਵੱਡੇ ਹੋਟਲਾਂ 'ਚ ਇਹ ਲਿਖਿਆ ਹੁੰਦਾ ਹੈ ਕਿ "ਬਿਸਤਰੇ 'ਤੇ ਬਹਿ ਕੇ ਸਿਗਰਟ ਨਾ ਪੀਓ ਕਿਉਂ ਇਸ ਨਾਲ ਜਿਹੜੀ ਸੁਆਹ ਬਣੇਗੀ, ਹੋ ਸਕਦਾ ਏ, ਉਸ 'ਚ ਤੁਹਾਡੀ ਸੁਆਹ ਵੀ ਸ਼ਾਮਲ ਹੋਵੇ।"

ਇੰਡੋ-ਕਨੇਡੀਅਨ ਕਮਿਊਨਿਟੀ ਦੇ ਨਾਉਂ ਸੱਦਾ

ਨਸਲਵਾਦ ਵਿਰੁਧ ਬੀ. ਸੀ. ਸੰਘਰਸ਼ ਸੰਮਤੀ (BCOFR) ਸਿੱਖ ਭੈਣਾਂ ਤੇ ਭਰਾਵਾਂ ਨਾਲ, ਪੰਜਾਬ ਦੇ ਦੁਖਾਂਤ ਸਬੰਧੀ, ਉਹਨਾਂ ਦੇ ਦੁਖ ਅਤੇ ਗੁੱਸੇ ਵਿਚ ਸਾਂਝ ਪ੍ਰਗਟ ਕਰਦੀ ਹੈ। ਹਰਿਮੰਦਰ ਸਾਹਿਬ ਦੀ ਪਵਿੱਤਰਤਾ ਭੰਗ ਕਰਨ ਅਤੇ ਪੰਜਾਬ ਦੇ ਮਸਲੇ ਦੇ ਹੱਲ ਨੂੰ ਲਟਕਾਈ ਜਾਣ ਲਈ ਅਸੀਂ ਇੰਦਰਾ ਗਾਂਧੀ ਸਰਕਾਰ ਦੀ ਨਿਖੇਧੀ ਕਰਦੇ ਹਾਂ। ਅਸੀਂ ਉਹਨਾਂ ਸਾਰੇ ਭੈਣਾਂ ਭਰਾਵਾਂ ਨਾਲ ਸਾਂਝ ਪ੍ਰਗਟ ਕਰਦੇ ਹਾਂ ਜਿਹਨਾਂ ਨੂੰ ਪੰਜਾਬ ਵਿਚ ਆਪਦੇ ਰਿਸ਼ਤੇਦਾਰਾਂ ਬਾਰੇ ਫਿਕਰ ਹੈ।

ਇਸਦੇ ਨਾਲ ਨਾਲ ਅਸੀਂ ਇਸ ਗੱਲ ਬਾਰੇ ਭੀ ਫਿਕਰਮੰਦ ਹਾਂ ਕਿ ਕੁਛ ਮੁਠੀ ਭਰ ਲੋਕ ਪੰਜਾਬ ਦੇ ਦੁਖਾਂਤ ਨੂੰ ਗਲਤ ਢੰਗ ਨਾਲ ਵਰਤਕੇ ਕਨੇਡਾ ਵਿਚ ਧਰਮ ਦੇ ਅਧਾਰ ਤੇ ਨਫਰਤ ਫੈਲਾ ਰਹੇ ਹਨ। ਧਰਮ ਦੇ ਅਧਾਰ ਤੇ ਵਿਤਕਰਾ ਕਰਨਾ ਨਸਲਵਾਦ ਦਾ ਹੀ ਇਕ ਸਰੂਪ ਹੈ। ਅਸੂਲਨ ਤੌਰ ਤੇ ਇਹ ਗਲਤ ਹੈ ਅਤੇ ਇਸਦਾ ਵਿਰੋਧ ਕਰਨਾ ਚਾਹੀਦਾ ਹੈ। ਭਾਰਤੀ ਕਮਿਊਨਿਟੀ ਵਿਚ ਧਰਮ ਦੇ ਅਧਾਰ ਤੇ ਵਿਤਕਰਾ, ਬੇਸ਼ੱਕ ਉਹ ਹਿੰਦੂਆਂ ਦੇ ਖਿਲਾਫ ਹੋਵੇ ਜਾਂ ਸਿੱਖਾਂ ਦੇ, ਉਸਦਾ ਵਿਰੋਧ ਕਰਨਾ ਚਾਹੀਦਾ ਹੈ। ਜੇ ਅਸੀਂ ਇਸਦਾ ਵਿਰੋਧ ਨਾ ਕੀਤਾ ਤਾਂ ਇਸ ਨਾਲ ਕੈਨੇਡਾ ਵਿਖ ਇੰਡੋ-ਕਨੇਡੀਅਨ ਕਮਿਊਨਿਟੀ ਦੇ ਭਵਿੱਖ ਨੂੰ ਕਾਫੀ ਡੂੰਘੀ ਸੱਟ ਵੱਜੇਗੀ।

ਇੰਡੋ-ਕਨੇਡੀਅਨ, ਭਾਵੇਂ ਉਹ ਸਿੱਖ, ਹਿੰਦੂ, ਮੁਸਲਮਾਨ, ਇਸਾਈ, ਪੰਜਾਬੀ, ਫਿਜ਼ੀਅਨ, ਜਾਂ ਪੂਰਬੀ ਅਫਰੀਕਨ ਹਨ, ਸਾਰਿਆਂ ਨੂੰ ਕੈਨੇਡਾ ਵਿਚ ਨਸਲਵਾਦ ਦਾ ਸਾਹਮਣਾ ਕਰਨਾ ਪੈਂਦਾ ਹੈ। ਪਿਛਲੇ ਕੁਝ ਸਾਲਾਂ ਤੋਂ ਭਾਰਤੀ ਅਤੇ ਫਿਜ਼ੀਅਨ ਪ੍ਰਵਾਰਾਂ ਨੂੰ ਇਸ ਡਰ ਤੋਂ ਜਾਗ ਕੇ ਰਾਤਾਂ ਕੱਟਣੀਆਂ ਪਈਆਂ ਕਿ ਕੋਈ ਉਹਨਾਂ ਦੇ ਘਰ ਤੇ ਬੰਬ ਨਾ ਸੁੱਟ ਜਾਵੇ। ਹਿੰਦੂ ਅਤੇ ਸਿੱਖ ਬਜ਼ੁਰਗਾਂ ਨੂੰ ਸੜਕਾਂ ਤੇ ਤੰਗ ਕੀਤਾ ਜਾਂਦਾ ਹੈ। ਪੰਜਾਬ ਵਿਚ ਪੈਦਾ ਹੋਏ ਬੱਚੇ ਅਤੇ ਕਨੇਡਾ ਵਿਚ ਜੰਮੇ ਪਲੇ ਭਾਰਤੀ ਵਿਦਿਆਰਥੀਆਂ ਨੂੰ ਆਪ ਦੇ ਗੋਰੇ ਹਮਜਮਾਤੀਆਂ ਹੱਥੋਂ ਵਿਤਕਰਾ ਸਹਿਣਾ ਪੈਂਦਾ ਹੈ। ਇਸੇ ਤਰ੍ਹਾਂ ਹੀ ਪੂਰਬੀ ਅਫਰੀਕਾ ਅਤੇ ਭਾਰਤੀ ਇੰਡੋ-ਕਨੇਡੀਅਨਾਂ ਨੂੰ ਘਰ ਖ਼ਰੀਦਣ ਵਿਚ ਅਤੇ ਨੌਕਰੀਆਂ ਲੈਣ ਵਿਚ ਵਿਤਕਰਾ ਹੁੰਦਾ ਹੈ। ਜਦੋਂ ਗੋਰੇ ਨਸਲਵਾਦੀ ਇੰਡੋ-ਕਨੇਡੀਅਨਾਂ ਨੂੰ ਨਫਰਤ ਕਰਦੇ ਹਨ ਤਾਂ ਉਹਨਾਂ ਨੂੰ ਇਸ ਗੱਲ ਦਾ ਕੋਈ ਫਰਕ ਨਹੀਂ ਕਿ ਇੰਡੋ-ਕਨੇਡੀਅਨਾਂ ਦਾ ਧਰਮ, ਬੋਲੀ ਜਾਂ ਜਨਮ ਦੀ ਜਗ੍ਹਾ ਕਿਹੜੀ ਹੈ।

ਥੋੜ੍ਹਾ ਸਮਾਂ ਹੀ ਹੋਇਆ ਹੈ ਕਿ ਬੀ. ਸੀ. ਸਰਕਾਰ ਨੇ ਮਨੁੱਖੀ ਹੱਕਾਂ ਸਬੰਧੀ ਅਸਰਦਾਰ ਕਾਨੂੰਨਾਂ ਨੂੰ ਖਤਮ ਕਰਕੇ ਨਸਲੀ ਗੋਰਿਆਂ ਦੀ ਮੱਦਦ ਕੀਤੀ ਹੈ। ਅੱਜ ਕੋਈ ਭੀ ਇੰਡੋ-ਕਨੇਡੀਅਨ, ਭਾਵੇਂ ਪੰਜਾਬ ਵਿਚ ਪੈਦਾ ਹੋਇਆ ਹੈ ਜਾਂ ਕਨੇਡਾ ਵਿਚ, ਭਾਵੇਂ ਸਿੱਖ ਹੈ ਜਾਂ ਹਿੰਦੂ, ਨਸਲ ਦੇ ਅਧਾਰ ਤੇ ਨੌਕਰੀ ਤੋਂ ਹਟਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਉਹਨਾਂ ਨੂੰ ਪਬਲਿਕ ਥਾਵਾਂ ਤੋਂ ਚੀਜ਼ਾਂ ਦੇਣ ਤੋਂ ਨਾਂਹ ਕੀਤੀ ਜਾ ਸਕਦੀ ਹੈ। ਕਿਉਂਕਿ ਬੀ. ਸੀ. ਸਰਕਾਰ ਨੇ ਮਨੁੱਖੀ ਹੱਕਾਂ ਸਬੰਧੀ ਵਿਦਿਅਕ ਪ੍ਰੋਗਰਾਮ ਖਤਮ ਕਰ ਦਿੱਤੇ ਹਨ, ਇਸਦਾ ਨਤੀਜਾ ਇਹ ਹੋਵੇਗਾ ਕਿ ਇੰਡੋ-ਕਨੇਡੀਅਨ ਨਸਲਵਾਦ ਦਾ ਅੱਗੇ ਨਾਲੋਂ ਭੀ ਜ਼ਿਆਦਾ ਨਿਸ਼ਾਨਾ ਬਨਣਗੇ। ਖੇਤ ਮਜ਼ਦੂਰਾਂ ਨਾਲ ਵਿਤਕਰਾ ਅਤੇ ਉਹਨਾਂ ਨੂੰ ਪੇਸ਼ ਆਉਂਦੀਆਂ ਤਕਲੀਫਾਂ ਦੀ ਚਰਚਾ ਪਿਛਲੇ ਕਈ ਸਾਲਾਂ ਤੋਂ ਚੱਲ ਰਹੀ ਹੈ ਪਰ ਫਿਰ ਭੀ ਉਹਨਾਂ ਨੂੰ ਉਹ ਹੱਕ ਅਜੇ ਤੱਕ ਨਹੀਂ ਮਿਲੇ ਜੋ ਆਮ ਮਜ਼ਦੂਰ ਆਪਦਾ ਮੁੱਢਲਾ ਹੱਕ ਸਮਝਦੇ ਹਨ। ਇਹ ਇਸ ਕਰਕੇ ਕਿਉਂ ਖੇਤ ਮਜ਼ਦੂਰਾਂ ਦੀ ਵੱਡੀ ਗਿਣਤੀ ਭਾਰਤੀਆਂ ਦੀ ਹੈ।

ਬੀ. ਸੀ. ਸਰਕਾਰ ਨੇ ਇਮੀਗਰੈਂਟਾਂ ਦੇ ਬੱਚਿਆਂ ਨੂੰ ਅੰਗਰੇਜ਼ੀ ਸਿਖਾਉਣ ਲਈ ਖਰਚ ਕੀਤੇ ਜਾਣ ਵਾਲੇ ਫੰਡ ਵਿਚ ਇਕ ਵੱਡੀ ਕਟੌਤੀ ਕੀਤੀ ਹੈ। ਇਸੇ ਤਰ੍ਹਾਂ ਹੋਰ ਜ਼ਰੂਰੀ ਸਮਾਜਕ ਸੇਵਾਵਾਂ ਵਿਚ ਕਟੌਤੀਆਂ ਕੀੜੀਆਂ ਹਨ। ਜੇ ਬੀ. ਸੀ. ਸਰਕਾਰ ਦੇ ਇਹਨਾਂ ਕਦਮਾਂ ਦਾ ਮੁਕਾਬਲਾ ਨਾ ਕੀਤਾ ਗਿਆ ਤਾਂ ਇੰਡੋ-ਕਨੇਡੀਅਨ ਬੱਚਿਆਂ ਦਾ ਭਵਿੱਖ ਹਨੇਰ ਭਰਿਆ ਹੋਵੇਗਾ। ਪਹਿਲਾਂ ਹੀ ਕਈ ਬੱਚੇ ਇਹ ਸੋਚਣ ਲੱਗ ਪਏ ਹਨ ਕਿ ਨਸਲੀ ਗਾਲਾਂ ਅਤੇ ਬੇਇਜ਼ਤੀ ਆਮ (normal) ਜਿਹੀ ਗੱਲ ਹੈ ਜਿਸ ਬਾਰੇ ਉਹ ਕੁਝ ਨਹੀਂ ਕਰ ਸਕਦੇ।

ਬੀ. ਸੀ. ਸੰਘਰਸ਼ ਸੰਮਤੀ ਸਮਝਦੀ ਹੈ ਕਿ ਅਸੀਂ ਇਕੱਠੇ ਹੋ ਕੇ ਡਰ, ਤਸ਼ੱਦਦ ਅਤੇ ਇਕੱਲਪੁਣੇ ਦਾ ਖਾਤਮਾ ਕਰ ਸਕਦੇ ਹਾਂ। ਇੰਡੋ-ਕਨੇਡੀਅਨ ਕਮਿਊਨਿਟੀ ਦੀ ਮੱਦਦ ਨਾਲ ਬੀ. ਸੀ. ਸੰਘਰਸ਼ ਸੰਮਤੀ ਨੇ ਇਕ ਵਿਸ਼ਾਲ ਨਸਲਵਾਦ-ਵਿਰੋਧੀ ਲਹਿਰ ਦੀ ਉਸਾਰੀ ਕੀਤੀ ਹੈ। ਅਸੀਂ ਗੁਰਦੁਆਰਿਆਂ ਅਤੇ ਹੋਰਨਾਂ ਕਮਿਊਨਿਟੀ ਜਥੇਬੰਦੀਆਂ ਨਾਲ ਸਿਰ ਜੋੜ ਕੇ ਕੰਮ ਕੀਤਾ ਹੈ। ਅਸੀਂ ਇਕੱਠੇ ਹੋ ਕੇ ਸਰਕਾਰਾਂ ਅਤੇ ਹੋਰਨਾਂ ਸੰਸਥਾਵਾਂ ਨੂੰ ਸਾਡੇ ਮਸਲਿਆਂ ਵੱਲ ਧਿਆਨ ਦੇਣ ਲਈ ਮਜ਼ਬੂਰ ਕੀਤਾ ਹੈ। ਅਸੀਂ ਭਾਰਤੀ ਕਮਿਊਨਿਟੀ ਅਤੇ ਹੋਰਨਾਂ ਕਮਿਊਨਿਟੀਆਂ ਵਿਚਕਾਰ ਏਕਤਾ ਮਜ਼ਬੂਤ ਕੀਤੀ ਹੈ। ਅਸੀਂ ਨਸਲੀ ਵਿਤਕਰੇ ਦੇ ਸ਼ਿਕਾਰ ਸੈਂਕੜੇ ਹੀ ਵਿਅਕਤੀਆਂ ਦੀ ਮੱਦਦ ਕੀਤੀ ਹੈ। ਸਾਡਾ ਤਜਰਬਾ ਸਾਨੂੰ ਸਿਖਾਉਂਦਾ ਹੈ ਕਿ ਅਸੀਂ ਇਕੱਠੇ ਹੋ ਕੇ ਸਰਕਾਰ ਤੇ ਹੋਰ ਸੰਸਥਾਵਾਂ ਨੂੰ ਨਸਲਵਾਦ ਖਤਮ ਕਰਨ ਲਈ ਮਜ਼ਬੂਰ ਕਰ ਸਕਦੇ ਹਾਂ। ਪਰ ਅਜਿਹਾ ਕਰਨ ਲਈ ਸਾਨੂੰ ਏਕਾ ਕਰਨ ਦੀ ਜ਼ਰੂਰਤ ਹੈ।

ਬੀ. ਸੀ. ਸੰਘਰਸ਼ ਸੰਮਤੀ ਦਾ ਨਿਸ਼ਾਨਾ ਕਨੇਡਾ ਵਿਚ ਨਸਲਵਾਦ ਵਿਰੁਧ ਸਾਰੇ ਲੋਕਾਂ ਦੀ ਏਕਤਾ ਹੈ। ਸਾਡਾ ਵਿਸ਼ਵਾਸ਼ ਹੈ ਕਿ ਲੋਕਾਂ ਵਿਚ ਸਾਂਝੀਵਾਲਤਾ ਜ਼ਿਆਦਾ ਹੈ ਅਤੇ ਫਰਕ ਘੱਟ। ਸਾਨੂੰ ਯਕੀਨ ਹੈ ਕਿ ਇੰਡੋ-ਕਨੇਡੀਅਨ ਕਮਿਊਨਿਟੀ ਵਿਚ ਭੀ ਲੋਕਾਂ ਦੇ ਆਪਸੀ ਸਬੰਧ ਉਸੇ ਤਰਾਂ ਮਜ਼ਬੂਤ ਅਤੇ ਡੂੰਘੇ ਹਨ। ਜਿਸ ਤਰਾਂ ਭਾਰਤੀ ਕਮਿਊਨਿਟੀ ਅਤੇ ਹੋਰਨਾਂ ਕਮਿਊਨਿਟੀਆਂ ਵਿਚਕਾਰ।


ਪਰ ਅੱਜ ਇਕ ਬਹੁਤ ਵੱਡਾ ਖਤਰਾ ਹੈ ਕਿ ਸਾਡੀ ਕਮਿਊਨਿਟੀ ਦੀ ਏਕਤਾ, ਜਿਸਨੂੰ ਨਸਲੀ ਗੋਰੇ ਖਤਮ ਨਾ ਕਰ ਸਕੇ, ਕਿਤੇ ਸਾਡੀ ਹੀ ਕਮਿਊਨਿਟੀ ਦੇ ਮੈਂਬਰਾਂ ਹੱਥੋਂ ਤਬਾਹ ਨਾ ਹੋ ਜਾਵੇ। ਅੱਜ ਕੁਛ ਮੁੱਠੀ ਭਰ ਲੋਕਾਂ ਦੀਆਂ ਕਾਰਵਾਈਆਂ ਇਕ ਅਜਿਹੇ ਸਮੇਂ ਜਦੋਂ ਸਾਨੂੰ ਏਕਤਾ ਦੀ ਜ਼ਰੂਰਤ ਹੈ, ਸਾਡੇ ਵਿਚ ਫੁੱਟ ਪਾ ਰਹੀਆਂ ਹਨ, ਸਾਨੂੰ ਕਮਜ਼ੋਰ ਕਰ ਰਹੀਆਂ ਹਨ ਅਤੇ ਸਾਨੂੰ ਨਿਖੇੜ (isolate) ਰਹੀਆਂ ਹਨ।

ਇਹ ਮੁਠੀ ਭਰ ਲੋਕ ਉਹ ਹਨ ਜੋ ਇੰਡੋ-ਕਨੇਡੀਅਨ ਕਮਿਊਨਿਟੀ ਵਿਚ ਪੰਜਾਬ ਦੇ ਦੁਖਾਂਤ ਦੇ ਜੁਆਬ ਵਿਚ ਧਰਮ ਦੇ ਅਧਾਰ ਤੇ ਵਿਤਕਰਾ ਅਤੇ ਨਫਰਤ ਫੈਲਾਅ ਰਹੇ ਹਨ। ਉਹ ਇੰਦਰਾ ਸਰਕਾਰ ਦੀਆਂ ਕਾਰਵਾਈਆਂ ਲਈ ਕਨੇਡਾ ਵਿਚ ਰਹਿ ਰਹੇ ਹਿੰਦੂਆਂ ਨੂੰ ਜ਼ਿੰਮੇਂਵਾਰ ਠਹਿਰਾ ਰਹੇ ਹਨ। ਉਹ ਸਿੱਖ ਕਮਿਊਨਿਟੀ ਦੇ ਮੈਂਬਰਾਂ ਨੂੰ ਭੜਕਾ ਰਹੇ ਹਨ ਕਿ ਹਿੰਦੂਆਂ ਨਾਲ ਵਪਾਰ ਬੰਦ ਕੀਤਾ ਜਾਵੇ। ਉਹ ਉਨ੍ਹਾਂ ਸਾਰਿਆਂ, ਜੋ ਉਹਨਾਂ ਨਾਲ ਸਹਿਮਤ ਨਹੀਂ ਹੁੰਦੇ, ਨੂੰ

(ਬਾਕੀ ਪੰਨਾ 16 ਤੇ)

GOYAL THE VIDEO KING

4160 FRASER ST., VANCOUVER, B.C. V5V 4E8. Ph. 873-8308




ਰਾਜਿੰਦਰ ਗੋਇਲ

Proudly Announces a Grand Sale On

Panasonic® VIDEO MACHINES

PV - 1222 K




now for only **$549.95**


JUST ARRIVED

Huge Shipment of PANASONIC'S Microwave Ovens and 110 V/220 V Radios/Stereos of TOSHIBA

We sell Panasonic, Toshiba, Sanyo, Fisher, Video/Audio Products

PV - 1231 K





with wireless remote

now for only **$649.95**

Mail Orders Accepted

now **$1249.95** PV - 6500 K



with Tech. 4 head wireless remote Dolly Stereo

Jeetendra & Dimple Kapadia

in

ZAKHMEE SHER

JOHN JANI JANARDHAN

Live Show of BENJAMIN SISTERS

VERY SOON SUNNY

Released or Releasing :

GANGUVA

KANOON KYA KAREGA

SILKY

AURAT KA INTEQAM

Mehumend in

MIYA BIWI RAAJI

Prem Nath & Nimmei in

BUZDIl

PANASONIC

OUR ATTRACTIONS:

- We sell Video Machines for Indian/Pakistani/Fiji system
- We've the largest slection of Hindi/Punjabi/Urdu video movies from India/Pakistan
- We sell 220 V electrical Appliances
- We sell Samsonite Luggage at very reasonable prices
- We sell Video & Audio casettes at very low prices

ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਫੋਨ ਕਰੋ

(604) 873-8308